# ਲਫ਼ਜ਼ਨਾਮਾ

VOLUME 01 | EDITION 01 | AUGUST-OCTOBER 2023 | ₹ 100



## ਪੰਜਾਬ ਦੇ ਤਿਉਹਾਰ

# RHYVERS PUBLISHING GROUP®

*The Energy That flows*

## OUR PRINT LINES

RHYVERS

RHYVERS PRESS

RHYVERS ONE

आभास प्रकाशन

## OUR PUBLICATIONS

आभास
*Quartely Hindi Magazine*

RHYVERS BEAT
*Monthly Literary Magazine*

ਲਫ਼ਜ਼ਨਾਮਾ
*Quarterly Punjabi Magazine*

## OUR PORTALS

RHYVERS THE ENERGY THAT FLOWS — ENGLISH

RHYVERS اردو THE ENERGY THAT FLOWS — URDU

RHYVERS हिंदी THE ENERGY THAT FLOWS — HINDI


## RHYVERS PUBLISHING GROUP®

CORPORATE HEADQUARTER : 1515 Pataudi House, Daryaganj, New Delhi-110002

mail@rhyvers.com 91 78300 15300

rhyvers.com rhyvers.press rhyvers.media rhyvers.in rhyvers.net

ISO 10002:2018 CERTIFIED COMPANY · ISO 9001:2015 CERTIFIED · ISO 14001:2015 CERTIFIED COMPANY

@therhyvers

NEW DELHI • CHANDIGARH • SRINAGAR • BANGALORE

ਲਫ਼ਜ਼ਨਾਮਾ
A RHYVERS PUBLISHING GROUP INITIATIVE
VOLUME 01 | EDITION 01
AUGUST-OCTOBER 2023 | ₹ 100

ਮੁੱਖ ਸੰਪਾਦਕ
ਆਫ਼ਾਨ ਯੇਸਵੀ

ਕਾਰਜਕਾਰੀ ਸੰਪਾਦਕ
ਰਾਵੀ ਪੰਧੇਰ

ਸਕ੍ਰਿਪਟ ਸੰਪਾਦਕ
ਨਰਿੰਦਰਜੀਤ ਕੌਰ

ਸਲਾਹਕਾਰ ਸੰਪਾਦਕ
ਰਜਨੀ ਸ਼ਾਲੀਨ ਚੋਪੜਾ

ਫ਼ੀਚਰ ਸੰਪਾਦਕ
ਪ੍ਰੀਤੀ ਐਸ. ਮਾਨਕਤਲਾ

ਖੇਤਰੀ ਸੰਪਾਦਕ - ਕੈਨੇਡਾ
ਅਨੁਰਾਧਾ ਗਰੇਵਰ ਤੇਜਪਾਲ

ਮਲਕੀਅਤ, ਪ੍ਰਕਾਸ਼ਕ ਤੇ ਛਾਪਕ
ਰਾਈਵਰਜ਼ ਪਬਲਿਸ਼ਿੰਗ ਗਰੁੱਪ

ਪ੍ਰਕਾਸ਼ਿਤ ਕੀਤਾ ਤੇ ਛਾਪਿਆ
ਰਿਵਰਜ਼ ਪ੍ਰੈਸ, 1515 ਪਟੌਦੀ ਹਾਊਸ,
ਦਰਿਆਗੰਜ, ਨਵੀਂ ਦਿੱਲੀ- 110002

ਪੱਤਰ ਵਿਹਾਰ ਲਈ ਪਤਾ
ਰਿਵਰਜ਼ ਪ੍ਰੈੱਸ, 1515 ਪਟੌਦੀ ਹਾਊਸ,
ਦਰਿਆਗੰਜ, ਨਵੀਂ ਦਿੱਲੀ- 110002
rhyverspress@gmail.com

ਰਿਵਰਜ਼ ਪਬਲਿਸ਼ਿੰਗ ਗਰੁੱਪ
rhyvers.com, rhyvers.in,
rhyvers.net, rhyvers.press
http://रिवर्स.भारत
editor@rhyvers.com
91 78300 15300
91 120 3640160
@therhyvers

**All Rights Reserved**
Reproduction in whole or in part without written permission is prohibited

All Advertising enquiries, comments and feedback are welcome at
mail@rhyvers.com

Periodicity: **Quarterly**
Language: **Punjabi**
Price: **₹100**

The information contained in this magazine has been reviewed for accuracy and is deemed reliable but is not necessarily complete or guaranteed by the Editor. The views expressed in this digest are solely that of the writers and do not necessarily reflect the views of Rhyvers Press.



# ਮੁੱਖ ਸੰਪਾਦਕ ਦੇ ਡੈਸਕ ਤੋਂ

ਪੰਜਾਬੀ ਸਾਹਿਤ ਦਾ ਇਤਿਹਾਸ ਅਤੇ ਵਿਰਸਾ ਬੇਹੱਦ ਸ਼ਾਨਦਾਰ ਹੈ। ਇਸਨੂੰ ਇਕ ਅਜਿਹਾ ਅਥਾਹ ਸਮੁੰਦਰ ਵੀ ਆਖਿਆ ਜਾ ਸਕਦਾ ਹੈ ਜਿਸਦੀ ਤਹਿ ਵਿਚ ਅਨੇਕਾਂ ਹੀ ਸਾਹਿਤਕ ਹੀਰੇ ਮੋਤੀਆਂ ਦਾ ਖ਼ਜ਼ਾਨਾ ਪਿਆ ਹੈ। ਇਹ ਇਕ ਨਿਰੰਤਰ ਅਤੇ ਧਾਰਾ ਪ੍ਰਵਾਹ ਵਹਿੰਦੀ ਨਦੀ ਹੈ ਜਿਸਦਾ ਪ੍ਰਵਾਹ ਰਹਿੰਦੀ ਦੁਨੀਆਂ ਤੱਕ ਇਕ ਵਹਿਣ ਵਾਂਗ ਬਿਨਾ ਰੁਕੇ ਅਤੇ ਬਿਨਾ ਥੱਕੇ ਵਗਦਾ ਹੀ ਰਹੇਗਾ। ਪੰਜਾਬੀ ਸਾਹਿਤ ਨੇ ਅਨੇਕਾਂ ਅਨਮੋਲ ਰਤਨ ਪੈਦਾ ਕੀਤੇ ਹਨ ਜਿਨ੍ਹਾਂ ਨੇ ਮਾਂ ਬੋਲੀ ਪੰਜਾਬੀ ਦੇ ਸ਼ਾਨਾਮਤੇ ਵਿਰਸੇ ਨੂੰ ਚਾਰ ਚੰਨ ਲਾ ਕੇ ਇਸਦੀ ਝੋਲੀ ਭਰੀ ਹੈ

ਲਫ਼ਜ਼ਨਾਮਾ ਰਾਹੀਂ ਸਾਡੀ ਇਹ ਕੋਸ਼ਿਸ਼ ਹੈ ਕਿ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਹੋਰ ਹੁਲਾਰਾ ਦੇਕੇ ਇਸਦੀ ਰੌਸ਼ਨੀ ਦੁਨੀਆਂ ਦੇ ਆਖਰੀ ਕੋਨੇ ਤੱਕ ਬਿਖੇਰੀ ਜਾਵੇ ਅਤੇ ਖਾਸ ਤੌਰ ਉੱਤੇ ਵਿਦੇਸ਼ਾਂ ਵਿਚ ਵੱਸਦੀ ਨੌਜੁਆਨ ਪੀੜ੍ਹੀ ਨੂੰ ਆਪਣੇ ਵਿਰਸੇ ਅਤੇ ਆਪਣੀਆਂ ਜੜ੍ਹਾਂ ਨਾਲ ਜੋੜਿਆ ਜਾਵੇ। ਇਸ ਉਪਰਾਲੇ ਦਾ ਇਕ ਹੋਰ ਮਕਸਦ ਉੱਭਰਦੇ ਕਲਮਸਾਜ਼ਾਂ ਨੂੰ ਇੱਕ ਮੰਚ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਆਪਣੀ ਪ੍ਰਤਿਭਾ ਨਾਲ ਪੰਜਾਬੀ ਵਿਰਸੇ ਨੂੰ ਹੋਰ ਅਮੀਰ ਕਰ ਸਕਣ।

Ayesvi

ਆਫ਼ਾਨ ਯੇਸਵੀ



# ਕਾਰਜਕਾਰੀ ਸੰਪਾਦਕ ਦੇ ਡੈਸਕ ਤੋਂ



ਰਾਵੀ ਪੰਧੇਰ

ਸਾਹਿਤ ਨੂੰ ਸਮਾਜ ਦਾ ਆਇਨਾ ਕਿਹਾ ਜਾਂਦਾ ਹੈ। ਇਹ ਬਿਲਕੁਲ ਸੱਚ ਵੀ ਹੈ। ਸਾਹਿਤ ਰਚਨਾ ਵਿਚ ਲੋਕ ਜੀਵਨ ਦੇ ਸਮਾਜਿਕ, ਆਰਥਿਕ ਅਤੇ ਸਿਆਸੀ ਪੱਖਾਂ ਨੂੰ ਰੂਪਮਾਨ ਕੀਤਾ ਜਾਂਦਾ ਹੈ। ਸਾਹਿਤ ਅਤੇ ਆਮ ਲੋਕਾਂ ਦਰਮਿਆਨ ਇਕ ਰਿਸ਼ਤੇ ਦਾ ਪੁਲ ਬਣਾਉਣ ਦਾ ਕੰਮ ਸਾਹਿਤਕਾਰ ਦੇ ਹਿੱਸੇ ਆਉਂਦਾ ਹੈ। ਸਾਹਿਤਕਾਰ ਇਕ ਅਜਿਹੀ ਧਾਰਾ ਹੈ ਜਿਸ ਰਾਹੀਂ ਸਾਹਿਤ ਦੇ ਵੱਖੋ -ਵੱਖ ਰੂਪ ਆਮ ਲੋਕਾਂ ਨੂੰ ਦੇਖਣ ਨੂੰ ਮਿਲਦੇ ਹਨ। ਸਾਹਿਤ ਦੇ ਅਲੱਗ ਅਲੱਗ ਰੂਪ ਹੁੰਦੇ ਹਨ, ਜਿਵੇਂ ਕਿ ਕਹਾਣੀ, ਕਵਿਤਾ, ਇਕਾਂਗੀ, ਨਾਵਲ, ਜੀਵਨੀ ਅਤੇ ਸਵੈ - ਜੀਵਨੀ ਆਦਿ। ਇਹ ਇਕ ਅਜਿਹਾ ਵਿਸ਼ਾ ਹੈ ਜੋ ਆਪਣੀ ਪੂਰੀ ਚਮਕ ਦਮਕ ਤਾਂ ਹੀ ਵਿਖਾ ਸਕਦਾ ਹੈ ਜੇਕਰ ਇਹ ਕਿਸੇ ਵੀ ਪ੍ਰਕਾਰ ਦੇ ਦਬਾਅ ਜਾਂ ਬੰਦਿਸ਼ਾਂ ਤੋਂ ਮੁਕਤ ਹੋਵੇ।

ਸਾਹਿਤ ਦਾ ਸਭ ਤੋਂ ਸਿਖਰਲਾ ਅਤੇ ਉੱਤਮ ਰੂਪ ਉਹ ਹੁੰਦਾ ਹੈ ਜਾਂ ਹੋਣਾ ਚਾਹੀਦਾ ਹੈ ਜਦੋਂ ਇਸ ਮਾਧਿਅਮ ਰਾਹੀਂ ਮਾਂ ਬੋਲੀ ਦੀ ਸੇਵਾ ਕਰਨ ਦਾ ਉਪਰਾਲਾ ਕੀਤਾ ਜਾਵੇ। ਮਾਂ ਬੋਲੀ ਦੇ ਮਹੱਤਵ ਨੂੰ ਕਿਸੇ ਵੀ ਵਿਅਕਤੀ, ਦੇਸ਼ ਅਤੇ ਸਮਾਜ ਵਿਚ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸਦਾ ਕਾਰਨ ਇਹ ਹੈ ਕਿ ਕਿਸੇ ਵੀ ਇਨਸਾਨ ਨੂੰ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰਨ ਲਈ ਸਭ ਤੋਂ ਪਹਿਲਾਂ ਮਾਂ ਬੋਲੀ ਦਾ ਹੀ ਸਹਾਰਾ ਲੈਣਾ ਪੈਂਦਾ ਹੈ ਕਿਉਂਕਿ ਜੀਵਨ ਦੇ ਪਿੜ ਵਿੱਚ ਇਨਸਾਨ ਦੇ ਸਭ ਤੋਂ ਮੁੱਢਲੇ ਆਸਰੇ ਮਾਂ ਅਤੇ ਮਾਂ ਬੋਲੀ ਹੀ ਹੁੰਦੇ ਹਨ। ਮਾਂ ਬੋਲੀ ਉਹ ਹੁੰਦੀ ਹੈ ਜੋ ਇਨਸਾਨ ਮਾਂ ਦੇ ਦੁੱਧ ਤੋਂ ਸਿੱਖਦਾ ਹੈ। ਇਸ ਲਈ ਕੋਈ ਵੀ ਇਨਸਾਨ ਜੇਕਰ ਆਪਣੇ ਜੀਵਨ ਵਿੱਚ ਬੇਅੰਤ ਕਾਮਯਾਬੀ ਹਾਸਿਲ ਕਰ ਲਵੇ ਪਰ ਆਪਣੀ ਮਾਂ ਬੋਲੀ ਤੋਂ ਮੁਨਕਰ ਹੋ ਜਾਵੇ ਤਾਂ ਉਸਦੀ ਇਹ ਕਾਮਯਾਬੀ ਅਰਥਹੀਣ ਅਤੇ ਬੇਮਾਇਨੇ ਹੀ ਆਖੀ ਜਾ ਸਕਦੀ ਹੈ। ਜੇਕਰ ਸਾਹਿਤ ਦਾ ਮਕਸਦ ਲੋਕ ਮਨਾਂ ਨੂੰ ਟੁੰਬ ਕੇ ਉਨ੍ਹਾਂ ਵਿੱਚ ਸਮਾਜਿਕ ,ਨੈਤਿਕ ਅਤੇ ਸਿਆਸੀ ਜਾਗ੍ਰਿਤੀ ਪੈਦਾ ਕਰਨਾ ਹੈ ਤਾਂ ਇਸਦਾ ਸਭ ਤੋਂ ਢੁਕਵਾਂ ਸਾਧਨ ਮਾਂ ਬੋਲੀ ਹੀ ਹੋ ਸਕਦੀ ਹੈ। ਮਿਸਾਲ ਵਜੋਂ ਮਸ਼ਹੂਰ ਅਭਿਨੇਤਾ ਮਰਹੂਮ ਬਲਰਾਜ ਸਾਹਨੀ ਨੂੰ ਮਾਂ ਬੋਲੀ ਪੰਜਾਬੀ ਵਿੱਚ ਸਾਹਿਤ ਰਚਨਾ ਕਰਨ ਦੀ ਪ੍ਰੇਰਨਾ ਗੁਰੂਦੇਵ ਰਵਿੰਦਰ ਨਾਥ ਟੈਗੋਰ ਨੇ ਦਿੱਤੀ ਸੀ।

'ਲਫ਼ਜ਼ਨਾਮਾ' ਸਾਹਿਤਕ ਰਸਾਲਾ ਇਕ ਨਿਮਾਣੀ ਜਿਹੀ ਕੋਸ਼ਿਸ਼ ਦੀ ਸ਼ੁਰੂਆਤ ਹੈ ਜਿਸ ਰਾਹੀਂ ਪ੍ਰਸਿੱਧ ਲਿਖਾਰੀਆਂ ਦੇ ਨਾਲ ਨਾਲ ਹੀ ਉੱਭਰ ਰਹੇ ਲੇਖਕਾਂ ਨੂੰ ਵੀ ਆਪਣੀਆਂ ਰਚਨਾਵਾਂ ਦੀ ਸਿਰਜਣਾ ਰਾਹੀਂ ਪਹਿਚਾਣ ਬਣਾਉਣ ਦਾ ਮੌਕਾ ਮਿਲੇਗਾ ਅਤੇ ਇਸਦੇ ਨਾਲ ਹੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਦੇ ਹੋਏ ਮਾਂ ਬੋਲੀ ਦੇ ਸ਼ਾਨਾਮਤੇ ਅਮੀਰ ਵਿਰਸੇ ਦੇ ਰੰਗ ਹੋਰ ਗੂੜ੍ਹੇ ਕਰਨ ਵਿੱਚ ਕਾਮਯਾਬੀ ਮਿਲੇਗੀ।

# Contents


| | | |
|---|---|---|
| ਓਸੇ ਕਿਤਾਬ ਵਰਗੀ ... | *ਸੁਰਜੀਤ ਪਾਤਰ* | 4 |
| ਸ਼ਾਇਰੀ ਦਾ ਸੁਰੀਲਾ ਸਫ਼ਰ : ਸੁਰਜੀਤ ਪਾਤਰ | *ਡਾ. ਲਖਵਿੰਦਰ ਸਿੰਘ ਜੌਹਲ* | 8 |
| ਕਿਤਾਬ (ਕਵਿਤਾ) | *ਡਾ. ਸੁਮਿਤਾ ਮਿਸ਼ਰਾ* | 12 |
| ਜਾਂਬਾਜ਼ ਸੁੰਦਰੀ | *ਸੁਭਾਸ਼ ਭਾਸਕਰ* | 14 |
| ਡਾ. ਦਲੀਪ ਕੌਰ ਟਿਵਾਣਾ ਮੇਰੀ ਨਜ਼ਰ ਵਿੱਚ | *ਨਰਿੰਦਰ ਜੀਤ ਕੌਰ* | 16 |
| ਬਿਰਹਾ ਦਾ ਸੁਲਤਾਨ ਸ਼ਿਵ ਕੁਮਾਰ ਬਟਾਲਵੀ | *ਰਾਵੀ ਪੰਧੇਰ* | 18 |
| ਪੰਜਾਬ ਦੇ ਤਿਉਹਾਰ | | 22 |
| ਚੜ੍ਹਦਾ ਅਤੇ ਲਹਿੰਦਾ ਪੰਜਾਬ | *ਸ਼ਮਸ਼ੀਲ ਸਿੰਘ ਸੋਢੀ* | 26 |
| ਪਿਆਰੇ ਪ੍ਰੋ. ਪਿਆਰਾ ਸਿੰਘ ਪਦਮ | *ਹਰਿੰਦਰ ਪਾਲ ਸਿੰਘ* | 27 |
| ਘਾਹ | *ਸਨੀ ਧਾਲੀਵਾਲ* | 28 |
| ਪੰਜਾਬ ਦੇ ਤਿਉਹਾਰ | *ਸੁਖਪ੍ਰੀਤ ਕੌਰ ਖਹਿਰਾ* | 30 |
| ਵਿਸਾਖੀ | *ਆਭਾ* | 31 |
| ਬੱਦਲਾ ਸਾਵਣ ਵਾਲਿਆ | *ਡਾ. ਗੁਰਮਿੰਦਰ ਸਿੱਧੂ* | 32 |
| ਰੰਗਲਾ ਇਹ ਪੰਜਾਬ | *ਪਰਮਿੰਦਰ ਸੋਨੀ* | 33 |
| ਇੱਕ ਖਵਾਹਿਸ਼ | *ਰਸ਼ਮੀ ਚੌਧਰੀ* | 34 |
| ਕੁੜੀਆਂ ਦੀਆਂ ਰੀਝਾਂ | *ਮਨਜੋਤ* | 35 |
| ਰੱਖੜੀ ਅਤੇ ਸੱਸਾਂ | *ਡਾ. ਬਲਦੇਵ ਸਿੰਘ ਖਹਿਰਾ* | 36 |
| ਹੋਲੀ ਤੇ ਮਾਂ | *ਡਾ. ਬਲਦੇਵ ਸਿੰਘ ਖਹਿਰਾ* | 37 |
| ਕਿਤਾਬਾਂ ਦੀਆਂ ਸਮੀਖਿਆਵਾਂ | | 38 |

# ਓਸੇ ਕਿਤਾਬ ਵਰਗੀ ...

ਇਸ ਕਿਤਾਬ ਨੂੰ ਪੜ੍ਹਦਿਆਂ ਮੈਨੂੰ ਅੱਲਾਮਾ ਇਕਬਾਲ ਦਾ ਮਸ਼ਹੂਰ ਸ਼ੇਅਰ ਯਾਦ ਆਇਆ :

*ਫੂਲ ਕੀ ਪੱਤੀ ਸੇ ਕਟ ਸਕਤਾ ਹੈ ਹੀਰੇ ਕਾ ਜਿਗਰ*
*ਮਰਦ—ਏ—ਨਾਦਾਂ ਪਰ ਕਲਾਮ—ਏ—ਨਰਮ—ਓ—ਨਾਜ਼ੁਕ ਬੇਅਸਰ*


ਇਹ ਬਹੁਤ ਸੂਖ਼ਮ ਤੇ ਸੁਹਜਮਈ ਕਵਿਤਾ ਹੈ ਪਰ ਇਸ ਵਿਚ ਕੁਝ ਐਸਾ ਹੈ ਜੋ ਗਹਿਰੀ ਕਾਟ ਕਰਦਾ ਹੈ।ਆਪਣੀ ਕੋਮਲਤਾ ਨਾਲ ਸਾਡੀ ਕਠੋਰਤਾ ਨੂੰ ਸ਼ਰਮਸਾਰ ਕਰ ਦਿੰਦਾ ਹੈ।ਇਸ ਤਰਾਂ ਭਾਵਾਂ ਦੀ ਕੋਮਲਤਾ ਹੀ ਇਸ ਦੀ ਸ਼ਕਤੀ ਬਣ ਜਾਂਦੀ ਹੈ ।

ਸੂਖ਼ਮ ਅਤੇ ਸੁਹਜਮਈ ਹੋਣ ਦੇ ਨਾਲ ਨਾਲ ਇਹ ਬਹੁਤ ਸਹਿਜ ਵੀ ਹੈ। ਜਿਵੇਂ ਵਾਸ਼ਪ ਹੀ ਤਰਲ ਬਣ ਜਾਂਦਾ ਹੈ, ਹਵਾ ਹੀ ਜਲ ਦੀ ਬੂੰਦ ਬਣ ਜਾਂਦੀ ਹੈ, ਜਿਸ ਨੂੰ ਅਸੀਂ ਤ੍ਰੇਲ—ਤੁਪਕਾ ਜਾਂ ਸ਼ਬਨਮ ਕਹਿੰਦੇ ਹਾਂ, ਓਸੇ ਤਰ੍ਹਾਂ ਸੁਮਿਤਾ ਦੀ ਕਵਿਤਾ ਵਿਚ ਭਾਵ ਹੀ ਆਪਮੁਹਾਰੇ ਸ਼ਬਦ ਬਣ ਜਾਂਦੇ ਹਨ।ਇਹ ਕਵਿਤਾ ਸ਼ਬਨਮ ਜਿਹੀ ਯਾਨੀ ਤ੍ਰੇਲ ਤੁਪਕਿਆਂ ਜਿਹੀ ਹੀ ਸਹਿਜ ਹੈ ।

ਭਾਵਾਂ ਦੀ ਕੋਮਲਤਾ ਤੋਂ ਇਲਾਵਾ ਇਨ੍ਹਾਂ ਕਵਿਤਾਵਾਂ ਦੀ ਪਾਰਦਰਸ਼ਤਾ, ਬੇਬਾਕੀ, ਤਿੱਖਾ ਵਿਵੇਕ ਵਿਅੰਗ, ਵਿਦਰੋਹ, ਗਰੀਬਾਂ ਮਜ਼ਲੂਮਾਂ ਪ੍ਰਤੀ ਸਹਿਜ ਪਿਆਰ ਵੀ ਮੈਨੂੰ ਬਹੁਤ ਮੁੱਲਵਾਨ ਲੱਗਾ।

ਭਾਵਨਾਵਾਂ ਦੇ ਇਜ਼ਹਾਰ ਦੀ ਸੁਹਿਰਦਤਾ, ਸੋਚ ਦੀ ਗਹਿਰਾਈ ਅਤੇ ਵਿਵੇਕ ਦੇ ਚਾਨਣ ਸਦਕਾ ਇਨ੍ਹਾਂ ਕਵਿਤਾਵਾਂ ਵਿਚ ਮੌਲਿਕਤਾ ਅਤੇ ਸੱਜਰਾਪਨ ਹਨ। ਕਿਤੇ ਵੀ ਇਉਂ ਨਹੀਂ ਲਗਦਾ ਕਿ ਲਿਖੇ ਨੂੰ ਹੀ ਲਿਖਿਆ ਜਾ ਰਿਹਾ ਹੈ ।ਬੇਬਾਕੀ, ਮੌਲਿਕਤਾ ਤੇ ਸੁਹਿਰਦਤਾ ਇਸ ਕਾਵਿ ਦੇ ਆਦਰਸ਼ ਹਨ :

*ਕੁਝ ਕਰ ਗੁਜ਼ਰਨ ਦੇ ਪਲ ਨੇ ਥੋੜ੍ਹੇ ਅਤੇ ਅੱਗੇ ਬੇਚਿਰਾਗ਼ ਕਫ਼ਨ ਹੈ*
*ਜ਼ਰੂਰੀ ਨਹੀਂ ਕਿ ਉਵੇਂ ਹੀ ਕਰੀਏ ਜੋ ਵੀ ਏਥੇ ਚੱਲਦਾ ਆਇਆ ਚਲਨ ਹੈ*
*ਜਜ਼ਬਾਤੀ ਨੁਕਤਾਚੀਨੀ ਫੇਰ ਸਹੀ ਕਦੇ, ਫ਼ਿਲਹਾਲ ਹਕੀਕਤਾਂ ਸੰਵਾਰਨ ਦੀ ਲਗਨ ਹੈ*
*ਕੀ ਨਹੀਂ ਮੁਮਕਿਨ ਜੇਕਰ ਜਿਊਂਦੀ ਜ਼ਮੀਰ ਵਿਚ ਸੱਚ ਦੀ ਚੁਭਨ ਹੈ*



ਇਹ ਕਿੱਸਾ ਖ਼ਤਮ ਹੋਇਆ ਤਾਂ ਕੀ, ਨਵੀਂ ਕਹਾਣੀ
ਲਈ ਬਾਕੀ ਗਗਨ ਹੈ
*
ਬਹਾਨਾ ਕੋਈ ਵੀ ਬਣਾਵੀਂ ਬੱਸ ਬਾਸੀ ਜਿਹੇ ਸ਼ੇਅਰ
ਨਾ ਗੁਣਗੁਣਾਵੀਂ
ਬਹਾਨਾ ਕੁਝ ਵੀ ਬਣਾਵੀਂ ਬਸ ਕੁਝ ਨਵਾਂ ਤੇ ਖਰਾ
ਹੋਵੇ ਤਾਂ ਹੀ ਸੁਣਾਵੀਂ
*
ਰਹਿਣ ਦੇਵੋ ਦੁਆ ਜਾਂ ਦਇਆ, ਦੋਨੋਂ ਕਬੂਲ ਨਹੀਂ...
*
ਸੁਆਸਾਂ ਤੀਕਰ ਚੱਲਦੇ ਜਾਣਾ ਹੀ ਮਾਇਨੇਦਾਰ ਹੈ
ਖ਼ੁਦ ਹੀ ਸਵਾਰਾਂਗੇ ਜੋ ਆਪਣਾ ਕਿਰਦਾਰ ਹੈ।

ਸ਼ਾਇਰੀ ਦੀ ਕਦਰ ਕੀਮਤ ਅਤੇ ਸਾਰਥਕਤਾ ਤੋਂ ਪੂਰੀ ਤਰ੍ਹਾਂ ਸਚੇਤ ਹੋਣ ਦੇ ਨਾਲ ਨਾਲ ਸੁਮਿਤਾ ਦੀ ਇਹ ਧਾਰਨਾ ਵੀ ਬਹੁਤ ਮੁੱਲਵਾਨ ਹੈ ਕਿ ਸ਼ਬਦਾਂ ਤੋਂ ਵੀ ਵੱਧ ਅਹਿਮੀਅਤ ਕਰਮਾਂ ਦੀ ਹੈ :

ਸ਼ਾਇਰੀ ਦੀ ਦੁਨੀਆ ਅਲੱਗ ਹੈ
ਉਹ ਜਜ਼ਬਿਆਂ ਦੇ ਅਲਫ਼ਾਜ਼ ਦਾ ਜੱਗ ਹੈ
ਉਹ ਵੀ ਕਿਤੇ ਜ਼ਰੂਰੀ ਹੈ
ਜ਼ੀਸਤ ਦਾ ਬਿਆਨ ਮਜਬੂਰੀ ਹੈ
ਕਰਮ ਦਾ ਜਹਾਨ ਉਸ ਤੋਂ ਵੀ ਵੱਧ ਕੇ..

ਅਤੇ ਕਈ ਵਾਰ ਕੋਈ ਰਮਜ਼ ਭਰੀ ਖ਼ਾਮੋਸ਼ੀ ਵੀ ਬੋਲਾਂ ਜਿੰਨੀ ਹੀ ਅਨਮੋਲ ਹੁੰਦੀ ਹੈ :

ਕਿਸੇ ਦੇ ਅਸ਼ਆਰ ਸਨ ਕੀਮਤੀ
ਕਿਸੇ ਦੇ ਇਤਰਾਜ਼ ਵੀ
ਕਿਸੇ ਦੀ ਦਾਦ ਸੀ ਕੀਮਤੀ
ਉਹਨਾਂ ਦਾ ਕੀ ਕਰੀਏ
ਜਿਨ੍ਹਾਂ ਦੀ ਖ਼ਾਮੋਸ਼
ਰਸ਼ਕ ਏ ਨਜ਼ਰ ਸੀ ਸਭ ਤੋਂ ਕੀਮਤੀ।

ਏਸੇ ਹੀ ਗੱਲ ਨੂੰ ਸੁਮਿਤਾ ਨੇ ਸਮੁੱਚੇ ਸਮਾਜ ਅਤੇ ਰਾਜਨੀਤੀ ਤੱਕ ਫ਼ੈਲਾ ਕੇ ਬੇਹੱਦ ਸਾਰਥਕ ਕਰ ਦਿੱਤਾ ਹੈ। ਰਾਜਨੀਤੀ ਜੋ ਕਿ ਅੰਕੜਿਆਂ ਅਤੇ ਛਲਾਵੇ ਜਿਹੇ ਵਾਕਾਂ ਨਾਲ ਗੁਮਰਾਹ ਕਰਦੀ ਹੈ। ਸੁਮਿਤਾ ਦੀਆਂ ਸਤਰਾਂ ਹਨ :

ਤੁਸੀਂ ਅੰਕੜਿਆਂ ਦੀ ਬਾਤ ਕਰਦੇ ਓ
ਅਸੀ ਇਨਸਾਨਾਂ ਦੀ ਬਾਤ ਸੋਚਦੇ ਹਾਂ
ਤੁਸੀਂ ਸੁਰਖ਼ੀਆਂ ਦੀ ਬਾਤ ਕਰਦੇ ਹੋ
ਅਸੀਂ ਉਜਾਲਿਆਂ ਦੀ ਬਾਤ ਕਰਦੇ ਹਾਂ



ਤੁਸੀਂ ਫ਼ਤਿਹ ਦੀ ਬਾਤ ਕਰਦੇ ਹੋ
ਅਸੀਂ ਅਮਨ ਦੀ ਬਾਤ ਕਰਦੇ ਹਾਂ

ਇਸ ਕਾਵਿ ਵਿਚ ਕਰਮ ਦੀ ਕਿਸਮ ਨੂੰ ਵੀ ਪਰਿਭਾਸ਼ਿਤ ਕੀਤਾ ਗਿਆ ਹੈ ਕਿਉਂ ਕਿ ਹਰ ਕਰਮ ਮੁੱਲਵਾਨ ਨਹੀਂ ਹੁੰਦਾ। ਮੁੱਲਵਾਨ ਕਰਮ ਓਹੀ ਹੈ ਜਿਹੜਾ ਮਾਨਵਤਾ ਨੂੰ ਇਨਸਾਫ਼, ਬਰਾਬਰੀ, ਅਮਨ ਅਤੇ ਸਾਂਝੀ ਖੁਸ਼ਹਾਲੀ ਵੱਲ ਲੈ ਕੇ ਜਾਂਦਾ ਹੈ। ਤੇ ਅਜਿਹਾ ਕਰਮ ਕਰਨ ਲਈ ਸਾਡੇ ਲਈ ਨਿਰਭਇਤਾ, ਸਿਦਕ ਅਤੇ ਦਲੇਰੀ ਲਾਜ਼ਿਮ ਹੈ :

ਜ਼ਿੰਦਾਦਿਲੀ ਅਸਾਡੀ ਫ਼ਿਤਰਤ ਹੈ ਦੇਖੋ
ਕੇਹੀਆਂ ਮੁਸ਼ਕਿਲਾਂ ਵਿਚ ਵੀ ਮਿਲ ਜੁਲ ਆਬਾਦ ਰਹੇ

ਅਜੀਬ ਲੋਕ ਹਾਂ ਅਸੀਂ, ਵਾਰ ਵਾਰ ਉੱਠਣ ਦੀ ਆਦਤ
ਭਵਿੱਖ ਵਿਚ ਵੀ ਸਾਡੀ ਇਹੋ ਬੁਨਿਆਦ ਰਹੇ

ਇਸ ਚਮਨ ਵਿਚ ਗਰੀਬ ਮਜ਼ਲੂਮ ਨੂੰ ਮਿਲੇ ਹਿੱਸਾ
ਨਵੇਂ ਰੰਗਾਂ ਵਿਚ ਇਹ ਗੁਲਿਸਤਾਂ ਆਬਾਦ ਰਹੇ

ਜੋ ਬੀਮਾਰੀ ਬੇਪਰਵਾਹੀ ਮੌਤ ਦਾ ਵਪਾਰ ਕਰੇ



ਰੱਬਾ, ਉਹ ਏਥੇ ਹਮੇਸ਼ਾ ਬਰਬਾਦ ਰਹੇ
*
ਤਪਣ ਤੇ ਹੀ ਸੋਨੇ ਦੇ ਮੁੱਲ ਦੀ ਪਰਖ ਹੁੰਦੀ ਹੈ
ਅਜ਼ਮਾਇਸ਼ ਦੇ ਹਰ ਦੌਰ ਨਾਲ ਅਸੀਂ ਹੋਰ ਨਿਖਰ
ਜਾਵਾਂਗੇ

ਇਹ ਸਾਰੀ ਸ੍ਰਿਸ਼ਟੀ ਰਿਸ਼ਤਿਆਂ ਦਾ ਤਾਣਾ ਬਾਣਾ ਹੈ। ਮਾਨਵਤਾ ਦਾ ਸੱਚਾ ਵਿਕਾਸ ਰਿਸ਼ਤਿਆਂ ਦੀ ਖ਼ੂਬਸੂਰਤੀ ਸਾਂਭਣ ਅਤੇ ਸਿਰਜਣ ਵਿਚ ਹੀ ਹੈ। ਮੁਹੱਬਤ ਇਕ ਬੁਨਿਆਦੀ ਰਿਸ਼ਤਾ ਹੈ। ਮਹਾਨ ਸ਼ਾਇਰਾਂ, ਗੁਰੂ ਜਨਾਂ ਸੂਫ਼ੀਆਂ ਪੈਗੰਬਰਾਂ ਦੇ ਬੋਲ ਗਵਾਹੀ ਦਿੰਦੇ ਹਨ :

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ (ਗੁਰੂ ਨਾਨਕ )
ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ (ਸ਼ੇਖ਼ ਫ਼ਰੀਦ)
ਜਿਸ ਮੰਜ਼ਲ ਨੂੰ ਇਸ਼ਕ ਪੁਚਾਵੇ ਈਮਾਨੇ ਖ਼ਬਰ ਨ ਕੋਈ ਹੂ ( ਸੁਲਤਾਨ ਬਾਹੂ )
ਅੱਵਲ ਹਮਦ ਖ਼ੁਦਾਇ ਦਾ ਵਿਰਦ ਕੀਚੇ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ ( ਵਾਰਿਸ ਸ਼ਾਹ )
ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖ਼ਤ ਹਜ਼ਾਰੇ ( ਬੁੱਲ੍ਹੇ ਸ਼ਾਹ )

ਮਜਾਜ਼ੀ ਹੋਵੇ ਜਾਂ ਹਕੀਕੀ, ਮੁਹੱਬਤ ਦਿਖਾਵੇ ਦੀਆਂ ਰੀਤਾਂ ਮਰਯਾਦਾਵਾਂ ਤੋਂ ਨਾਬਰ ਹੁੰਦੀ ਹੈ। ਇਸ ਸੰਗ੍ਰਹਿ ਵਿਚ ਥਾਂ ਪੁਰ ਥਾਂ ਅਸੀਂ ਮੁਹੱਬਤ ਦੀ ਤਾਸੀਰ, ਉਸ ਦੇ ਰੰਗ ਬਰੰਗੇ ਅਨੇਕ ਤੇਵਰ ਤੇ ਉਸ ਵਿਚਲੇ ਸੰਜੋਗ ਅਤੇ ਵਿਜੋਗ ਦੇ ਅਨੂਠੇ ਰੰਗ ਕਿਤੇ ਬਹੁਤ ਸੰਜੀਦਾ

ਅਤੇ ਕਿਤੇ ਖਿਲੰਦੜੇ ਅੰਦਾਜ਼ ਵਿਚ ਨੁਮਾਇਆਂ ਹੁੰਦੇ ਦੇਖ ਸਕਦੇ ਹਾਂ :

*ਜਦੋਂ ਲੱਗੇ ਕਿ ਹੁਣ ਜ਼ਿੰਦਗੀ ਤੋਂ ਕੋਈ ਗਿਲਾ ਨਹੀਂ...*
*ਜਦੋਂ ਲੱਗੇ ਕੋਈ ਹੈ ਅੰਤ ਤੱਕ*
*ਹੱਸਦਾ, ਘੁਲਿਆ ਹੋਇਆ, ਅੰਤਰਮਨ ਵਿਚ ਅਨੰਤ ਤੱਕ*
*ਤਾਂ ਸਮਝ ਲੈਣ ਕੁਝ ਹੋਇਆ ਹੈ*
*ਪਿਆਰ ਜਾਂ ਉਸ ਨਾਲ ਮਿਲਦਾ ਜੁਲਦਾ ਕੁਝ ਹੋਇਆ ਹੈ।*

*

*ਜਿਸ ਤੋਂ ਕਰਨੀ ਸੀ ਤੌਬਾ*
*ਓਹੀ ਖ਼ੁਦ—ਬ—ਖ਼ੁਦ ਖ਼ੁਦਾ ਬਣ ਗਿਆ*
*ਮੇਰੇ ਮਜ਼੍ਹਬ ਵਿਚ ਮੁਹੱਬਤ ਨੂੰ*
*ਕਿਸੇ ਵੀ ਸੂਰਤ ਵਿਚ ਕੁਫ਼ਰ ਨਹੀਂ ਮੰਨਦੇ...*

*

*ਰੂਹ ਵੀ ਕੋਈ ਚੀਜ਼ ਹੈ*
*ਜਿਸਮ ਵੀ ਹਕੀਕਤ*
*ਜਿੱਥੇ ਮਿਲ ਜਾਵਣ ਦੋਵੇਂ*
*ਉਸ ਨੂੰ ਕਹਿੰਦੇ ਨੇ ਮੁਹੱਬਤ।*

*

*ਉਂਜ ਤਾਂ ਮੈਂ ਸ਼ੁਕਰਗੁਜ਼ਾਰ ਹਾਂ,*
*ਆਬਾਦ ਵੀ ਤੇ ਖ਼ੁਸ਼ਗਵਾਰ ਹਾਂ*
*ਪਰ ਤੈਨੂੰ ਪਤਾ ਈ ਹੈ ਕੀ ਕਮੀ ਏ*
*ਅੱਖਾਂ ਵਿਚ ਕਿਹੜੀਆਂ ਗੱਲਾਂ ਦੀ ਨਮੀ ਏ*
*ਜ਼ਿੰਦਗੀ ਤੁਹਾਡੀ ਸਾਥੋਂ ਕੁਝ ਉਧਾਰੀ ਏ*
*ਸਾਡੀ ਲੈਣਦਾਰੀ ਏ, ਤੁਹਾਡੀ ਦੇਣਦਾਰੀ ਏ....*

*

*ਕਿੰਝ ਭੁੱਲਾਂਗੇ ਅੰਬਰ ਜਿਹਾ ਤੇਰਾ ਪਿਆਰ*
*ਸੀ ਪਲ ਪਲ ਮੇਰੇ ਤੇ ਤੇਰੇ ਸਾਏ ਦਾ ਆਲਮ*
*ਅੱਗੇ ਦਾ ਪੈਂਡਾ ਕੁਝ ਇਉਂ ਰਿਹਾ*
*ਕਿ ਧੁੱਪ ਤਾਂ ਬਹੁਤ ਸੀ ਪਰ ਛਾਂ ਬਹੁਤ ਘੱਟ।*

ਇਨ੍ਹਾਂ ਕਵਿਤਾਵਾਂ ਦੀ ਰਚਣਹਾਰਾ ਅਨੁਸਾਰ ਮੁਹੱਬਤ—ਵਿਹੂਣੀ ਕਵਿਤਾ ਕਵਿਤਾ ਨਹੀਂ ਹੁੰਦੀ ਤੇ ਕਿਸੇ ਆਪਣੇ ਦੀ ਮੁਸਕਰਾਹਟ ਬਿਨਾ ਸਾਡੇ ਹਿੱਸੇ ਦਾ ਚਮਨ ਵੀਰਾਨ ਹੁੰਦਾ ਹੈ :

*ਚਮਨ ਵਿਚ ਇਕ ਮੇਰਾ ਗੁਲ ਨਾ ਹੁੰਦਾ*
*ਤੇ ਉਹ ਮੁਸਕਰਾਉਂਦਾ ਨਾ ਹੁੰਦਾ*
*ਤਾਂ ਯਕੀਨਨ ਬਹਾਰ ਦਾ*
*ਕਿਤੇ ਹੋਰ ਟਿਕਾਣਾ ਹੁੰਦਾ*

*

*ਉਹ ਸ਼ਾਇਰ ਮੇਰੀ ਰੂਹ ਤੇ ਜੋ ਲਿਖ ਰਿਹਾ ਏ*
*ਓਹੀ ਸ਼ਬਦ ਹੈ*



*ਬਾਕੀ ਕਿਸੇ ਨਜ਼ਮ ਨੂੰ*
*ਅਸੀਂ ਸ਼ਾਇਰੀ ਨਹੀਂ ਮੰਨਦੇ।*

ਮੁਹੱਬਤ ਦੇ ਤਾਣੇ ਬਾਣੇ ਵਿਚ ਪਰਵਾਰ ਦੀਆਂ ਤੰਦਾਂ ਦੀ ਬੁਣਤੀ ਵੀ ਅਨਮੋਲ ਹੁੰਦੀ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਪਰਿਵਾਰਿਕ ਰਿਸ਼ਤਿਆਂ ਦਾ ਨਿੱਘਾ ਗਹਿਰਾ ਮੋਹ ਵੀ ਹੈ ਤੇ ਸੁਹਣੇ ਇਨਸਾਫ਼ ਭਰੇ ਭਵਿੱਖ ਲਈ ਧੀਆਂ ਪੁੱਤਰਾਂ ਪ੍ਰਤੀ ਬਰਾਬਰੀ ਦਾ ਸੰਦੇਸ਼ ਵੀ :

*ਬੇਟਿਆਂ ਨੂੰ ਆਜ਼ਾਦੀ ਬੇਟੀਆਂ ਨੂੰ ਬੰਦਿਸ਼*
*ਇਹ ਚਲਨ ਆਖ਼ਿਰਕਾਰ ਬਦਲਣਾ ਪਵੇਗਾ*

*

*ਧੀਆਂ ਨੂੰ ਵਿਦਾ ਕਰੋ ਘਰੋਂ ਮੰਜ਼ਿਲਾਂ ਦੇ ਲਈ*
*ਬੱਸ ਸਹੁਰੀਂ ਤੋਰਨ ਦਾ ਅਰਮਾਨ ਉਤਾਰਨਾ ਪਵੇਗਾ*

*

*ਨਾ ਦੇਵੋ ਮੈਨੂੰ ਸ਼ਰਾਫ਼ਤ*
*ਅਤੇ ਨੇਕੀ ਦਾ ਵਾਸਤਾ*
*ਮੇਰੀ ਨੇਕੀ ਜੋ ਮੈਨੂੰ*
*ਕਰੇ ਕੈਦ*
*ਅਤੇ ਤੁਹਾਨੂੰ ਆਜ਼ਾਦੀ*

ਇਕ ਹੋਰ ਗੱਲ ਜੋ ਮੈਨੂੰ ਇਨ੍ਹਾਂ ਕਵਿਤਾਵਾਂ ਵਿਚ ਬਹੁਤ ਚੰਗੀ ਲੱਗੀ ਉਹ ਹੈ ਇਸ ਦੀ ਭਾਸ਼ਾ, ਜਿਸ ਵਿਚ ਕਿਸੇ ਵੀ ਸੋਮੇ ਤੋਂ ਆਉਣ ਵਾਲਾ ਸ਼ਬਦ ਵਰਜਿਤ ਨਹੀਂ। ਭਾਸ਼ਾਵਾਂ ਪ੍ਰਤੀ ਤੰਗਦਿਲੀ ਅਤੇ ਦੁਜਾਇਗੀ ਦਾ ਭਾਵ ਰੱਖਣ ਵਾਲਿਆਂ ਬਾਰੇ ਇਸ ਸੰਗ੍ਰਹਿ ਵਿਚ ਇਕ ਖ਼ੂਬਸੂਰਤ ਕਵਿਤਾ ਵੀ ਹੈ :


*ਮੇਰੇ ਸ਼ਹਿਰ ਦੀ ਜ਼ੁਬਾਨ ਨੂੰ*
*ਕਿਉਂ ਗੁਲਾਮ ਬਣਾ ਦਿੱਤਾ*
*ਖ਼ਾਲਸ ਤੇ ਖ਼ੂਬਸੂਰਤ ਨੂੰ*
*ਗੰਧਲਾ ਤੇ ਬਦਨਾਮ ਬਣਾ ਦਿੱਤਾ*

*ਗੰਗਾ ਜਮਨਾ ਨਦੀਆਂ ਹੀ ਨਹੀਂ ਹਨ*
*ਜਿਉਂਦਾ ਵਹਿਣ ਹਨ*
*ਕਿਉਂ ਇਕ ਪੂਰੀ ਤਹਿਜ਼ੀਬ ਨੂੰ*
*ਇਲਜ਼ਾਮ ਬਣਾ ਦਿੱਤਾ।*

ਬੇਸ਼ਕ ਉਸਦੀਆਂ ਕਵਿਤਾਵਾਂ ਵਿਚ ਬੀਤੇ ਪਲਾਂ ਦਾ, ਵਿੱਛੜੀ ਮਾਂ ਦਾ, ਦੂਰ ਵਸੇਂਦੀਆਂ ਧੀਆਂ ਦਾ ਤੇ ਦੂਰ ਹੋ ਗਏ ਦੋਸਤਾਂ ਦਾ ਪਿਆਰ ਭਰਿਆ ਉਦਰੇਵਾਂ ਵੀ ਹੈ ਤੇ ਇਸ ਬਾਰੇ ਵੀ ਉਸ ਨੇ ਖ਼ੂਬਸੂਰਤ ਕਵਿਤਾਵਾਂ ਲਿਖੀਆਂ ਹਨ ਪਰ ਪਲ ਪਲ ਬਦਲਦੀ ਜ਼ਿੰਦਗੀ, ਅਸਥਿਰਤਾ ਉਸ ਦਾ ਸਹਿਜ ਅਨੁਭਵ ਹੀ ਨਹੀਂ ਬਲਕਿ ਉਸ ਦੀ ਚਾਹਤ ਵੀ ਬਣ ਗਿਆ ਹੈ, ਜਿਵੇਂ ਕੋਈ ਸਮੇਂ ਤੋਂ ਵੀ ਦੋ ਕਦਮ ਅੱਗੇ ਚੱਲ ਰਿਹਾ ਹੋਵੇ।ਉਹ ਯਥਾ ਸਥਿਤੀ ਵਿਚ ਨਹੀਂ ਰਹਿਣਾ ਚਾਹੁੰਦੀ :

*ਤੂੰ ਆਪਣੇ ਕੋਲ ਰੱਖ ਆਪਣੇ ਵਾਅਦਿਆਂ ਦਾ ਮਹਿਫ਼ੂਜ਼ ਕਿਲਾ*
*ਮੈਨੂੰ ਤਾ ਰੋਜ਼ ਆਪਣੇ ਹੱਥੋਂ ਬਣਦੀਆਂ ਵਿਗੜਦੀਆਂ*





ਬੁਲੰਦੀਆਂ ਚਾਹੀਦੀਆਂ ਨੇ

ਮੇਰੇ ਤਿਣਕਿਆਂ ਦੇ ਆਸ਼ਿਆਨੇ ਨੇ ਵਧਾ ਦਿੱਤੀ ਹਿੰਮਤ
ਇਸ ਕਦਰ
ਕਿ ਹੁਣ ਜੀਣ ਲਈ ਮੈਨੂੰ ਬੇਖ਼ੌਫ਼ ਹਨ੍ਹੇਰੀਆਂ ਚਾਹੀਦੀਆਂ ਨੇ

ਇਹੋ ਜਿਹੇ ਹੀ ਅਨੁਭਵ ਦੀ ਹੀ ਇਕ ਕਵਿਤਾ ਹੈ ਫ਼ਹਿਰਿਸਤ :

ਵਧਦੀ ਹੀ ਜਾ ਰਹੀ ਇਕ ਫ਼ਹਿਰਿਸਤ
ਉਹ ਦੋਸਤ ਜੋ ਹੁਣ ਨਾ ਕਰੀਬ ਰਹੇ
ਨਤੀਜਾ ਹੈ ਉਨ੍ਹਾਂ ਤਜਰਬਿਆਂ ਦਾ ਜੋ
ਬਿਆਨ ਤੋਂ ਕਿਤੇ ਅਜੀਬ ਰਹੇ

ਸਿਰਫ਼ ਨਿੱਜ ਦੇ ਮਾਮਲੇ ਵਿਚ ਹੀ ਨਹੀਂ, ਉਹ ਸਮਾਜ ਤੇ ਰਾਜਨੀਤੀ ਦੇ ਮਾਮਲੇ ਵਿਚ ਵੀ ਉਸ ਦੀ ਏਹੀ ਚਾਹਤ ਹੈ :

ਅਵਾਮ ਦੀ ਬਗਾਵਤ ਦਾ ਅੰਜਾਮ ਹੈ ਜੋ ਹਲਚਲ
ਮੈਨੂੰ ਓਹੀ ਅਸ਼ਾਂਤ ਆਜ਼ਾਦੀਆਂ ਚਾਹੀਦੀਆਂ ਨੇ

ਇਸ ਪ੍ਰਸੰਗ ਵਿਚ ਉਸ ਦੀ ਇਕ ਹੋਰ ਕਵਿਤਾ ਸਭ ਕੁਝ ਬਦਲ ਗਿਆ ਵੀ ਇਕ ਜ਼ਿਕਰਯੋਗ ਕਵਿਤਾ ਹੈ। ਉਸ ਕਵਿਤਾ ਵਿਚ ਤਬਦੀਲੀ ਦੀ ਤਹਿ ਨੂੰ ਵੀ ਫਰੋਲਦਿਆਂ ਇਕ ਬਹੁਤ ਸਾਰਥਕ ਅਤੇ ਵਿਡਾਣ ਭਰਿਆ ਅਵਲੋਕਨ ਵੀ ਹੈ :

ਜਾਪਦੈ ਸਭ ਕੁਝ ਬਦਲ ਗਿਆ
ਪਰ ਵੇਖੋ ਕੁਝ ਵੀ ਤਾਂ ਨਹੀਂ ਬਦਲਿਆ
ਹੁਣ ਵੀ ਗਰੀਬ ਮਜ਼ਲੂਮ ਏ
ਜਰਵਾਣਾ ਅੱਜ ਵੀ ਤਗੜਾ

*

ਵਾਲਾਂ ਵਿਚ ਨਮਕ ਏ ਪਰ ਹੈ ਓਹੀ ਦੀਵਾਨਗੀ
ਓਹੀ ਰਾਤਾਂ ਨੂੰ ਜਾਗਦਾ ਇਹ ਦਿਲ ਕਮਲਾ

*

ਦੇਖੋ ਇਹ ਵਕਤ ਮਿਲ ਕੇ ਹੀ ਕੱਟਣੈ
ਨਾ ਕਹਿ ਕਿ ਨਹੀਂ ਆਵੇਗਾ ਉਹ ਤੂਫ਼ਾਨ ਕਮਲਾ

ਇਕ ਗੱਲ ਹੋਰ। ਸ਼ਾਇਰ ਜਾਂ ਸ਼ਾਇਰਾ ਉਹ ਦਰਿਆ ਹੈ, ਜਿਸ ਦੇ ਕੰਢੇ ਕਿਤੇ ਤਾਂ ਸ਼ਹਿਰ ਵਸੇ ਹੁੰਦੇ ਹਨ, ਮੇਲੇ ਲੱਗੇ ਹੁੰਦੇ ਹਨ ਤੇ ਕਿਤੇ ਉਹ ਬਿਲਕੁਲ ਇਕੱਲਾ, ਤਨਹਾ ਆਪਣੀ ਵਾਟ ਮੁਕਾ ਰਿਹਾ ਹੁੰਦਾ ਹੈ। ਇਸ ਪੁਸਤਕ ਦੀ ਇਕ ਕਵਿਤਾ ਪੜ੍ਹਦਿਆਂ ਇਹ ਅਹਿਸਾਸ ਉਜਾਗਰ ਹੁੰਦਾ ਹੈ।

ਉਹ ਰੌਣਕਾਂ ਬੱਸ ਇੰਜ ਹੀ ਸਨ
ਉਹ ਮਹਿਫ਼ਲਾਂ ਬੱਸ ਇੰਜ ਹੀ ਸਨ
ਸ਼ਾਇਰ ਦਾ ਤਾਂ ਦਿਲ ਤਨਹਾ
ਖ਼ੂਨ—ਏ—ਜਿਗਰ ਤਨਹਾ
ਅਤੇ ਸੈਲਾਬ ਅਤੇ ਜਨੂਨ
ਵੀ ਵਹੇ ਤਨਹਾ।

*

ਅੰਜਾਮ ਏ ਮੁਮਕਿਨ
ਨਾ ਮਾਅਨੇ ਮਿਲੇ ਤੇ ਨਾ ਖ਼ੁਸ਼ੀ
ਪਰ ਇਸ ਸਬਜ਼ਬਾਗ ਵਿਚ ਉਮਰ ਬਿਤਾਉਣੀ ਪੈਂਦੀ ਏ

ਦਿਲ ਨੇ ਮੇਰੇ ਬਾਜ਼ੀ
ਇੰਜ ਦੀ ਖੇਡ ਤੀ
ਤੇਰੀ ਚਾਹਤ ਵਿਚ
ਹਸਤੀ ਸਾਰੀ ਦਾਅ ਤੇ ਲਗਾ ਰਿਹੈ

ਇਸ ਪੁਸਤਕ ਵਿਚਲਾ ਮੋਹ ਮਮਤਾ ਮੁਹੱਬਤ, ਸੰਘਰਸ਼ ਅਤੇ ਹੌਸਲਾ, ਇਨਸਾਨੀਅਤ ਨਾਲ ਪਿਆਰ, ਕਿਸੇ ਕਿਸਮ ਦੀ ਤੰਗਦਿਲੀ ਤੋਂ ਮੁਕਤ ਮਾਨਸਿਕਤਾ, ਫ਼ੋਕੇ ਆਦਰਸ਼ਵਾਦ ਤੋਂ ਰਹਿਤ ਹਕੀਕਤ ਪਸੰਦੀ, ਬਿਆਨ ਦਾ ਖਿਲੰਦੜਾਪਨ, ਬੇਬਾਕੀ ਅਤੇ ਮੁਸਕਰਾਉਂਦੇ ਵਾਕ ਇਸ ਪੁਸਤਕ ਨੂੰ ਬਹੁਤ ਮੁੱਲਵਾਨ ਬਣਾਉਂਦੇ ਹਨ।

ਇਸ ਕਿਤਾਬ ਵਿਚ ਸ਼ਾਮਿਲ ਇਕ ਕਵਿਤਾ ਦਾ ਨਾਮ ਹੈ ਕਿਤਾਬ। ਉਹ ਬਹੁਤ ਆਪਣੇ ਪਿਆਰੇ ਨੂੰ ਮੁਖ਼ਾਤਿਬ ਬਹੁਤ ਖ਼ੂਬਸੂਰਤ ਕਵਿਤਾ ਹੈ :

ਤੂੰ ਇਕ ਕਿਤਾਬ ਏਂ
ਜਿਸਦਾ ਹਰ ਪੰਨਾ
ਮੈਂ ਯਾਦ ਕਰਨਾ ਏਂ
ਜਦ ਕਦੀ ਸ਼ੋਰ ਸ਼ਰਾਬੇ ਵਿਚ
ਮੈਂ ਤੈਨੂੰ ਆਪ ਢੂੰਡਾਂ ਤਾਂ
ਤੇਰਾ ਹੱਥ ਫੜ ਕੇ ਹੌਲੀ ਜਿਹੀ
ਤੈਨੂੰ ਤੇਰੇ ਨਾਲ ਮੁੜ ਮਿਲਾਉਣਾ ਏਂ

ਤੂੰ ਇਕ ਕਿਤਾਬ ਏਂ
ਜਿਸ ਦੇ ਵਰਕਿਆਂ ਵਿਚ
ਗੁਲਾਬ ਅਤੇ ਤਾਜ਼ੇ ਨਿੰਬੂ ਦੀਆਂ ਪੱਤੀਆਂ ਨੂੰ ਲੁਕੋਣਾ ਏਂ
ਅਮਿੱਟ ਰੂਪ ਅਤੇ ਖ਼ੁਸ਼ਬੂ
ਜਿਸ ਨੇ ਸਾਲਾਂ ਬਾਅਦ ਵੀ
ਤੇਰੇ ਹੀ ਹੱਥੋਂ ਖੁਲ੍ਹਣਾ ਏਂ.....

ਇਹ ਕਿਤਾਬ ਵੀ ਮੈਨੂੰ ਓਸੇ ਕਿਤਾਬ ਵਰਗੀ ਹੀ ਸੁਹਣੀ ਤੇ ਪਿਆਰ—ਭਰੀ ਲੱਗੀ।

— ਸੁਰਜੀਤ ਪਾਤਰ



# ਸ਼ਾਇਰੀ ਦਾ ਸੁਰੀਲਾ ਸਫ਼ਰ : ਸੁਰਜੀਤ ਪਾਤਰ


**ਪੰਜਾਬ, ਇਸ ਧਰਤੀ ਦਾ ਉਹ ਭੂਖੰਡ ਹੈ, ਜਥਿ ਸ਼ਬਦ, ਸਾਜ਼ ਅਤੇ ਸੁਰ ਦੀ ਤਵੈਣੀ ਏਨੀ ਮੂੰਹ ਜ਼ੋਰ ਰਹੀ ਹੈ ਕਿ ਕਤਿ ਹੋਰ ਇਸ ਦੀ ਮਸਿਾਲ ਨਹੀ ਮਲਿਦੀ। ਇਹ ਸਫ਼ਰ ਵੇਦ-ਕਤੇਬ ਤੋਂ ਸ਼ੁਰੂ ਹੋਇਆ, ਸੂਫ਼ੀਆਂ ਤੋਂ ਹੁੰਦਾ ਹੋਇਆ ਗੁਰਬਾਣੀ ਦੀ ਸਖ਼ਿਰ ਪ੍ਰਾਪਤ ਕਰਕੇ ਸਰਬ-ਵਆਿਪਕ ਹੋ ਗਆਿ। ਸਮਕਾਲੀ ਸਮਆਿਂ ਵਚਿ ਸੁਰਜੀਤ ਪਾਤਰ ਨੇ ਪੰਜਾਬ ਦੀ ਮੌਟੀ ਦੀ ਇਸ ਸੁਰੀਲੀ ਪਰਤ ਨੂੰ ਪਛਾਣ ਕੇ ਸ਼ਾਇਰੀ ਨਾਲ ਵਰ ਮੇਚਣ ਦੀ ਉਹ ਸਖ਼ਿਰ ਹਾਸਲਿ ਕੀਤੀ, ਜਸਿ ਨੂੰ ਕਆਿਸਣਾ ਵੀ ਮੁਸ਼ਕਲਿ ਜਾਪਦਾ ਹੈ। ਸ਼ਬਦ ਅਤੇ ਸੁਰ ਦਾ ਇਹ ਅਦਭੁਤ ਸੰਗਮ ਇਸ ਵਕਤ ਸਾਡਾ ਦਸਿਹੱਦਾ ਹੈ।**

ਇਸ ਦਸਿਹੱਦੇ ਉੱਤੇ ਸਾਡੀਆਂ ਨਜ਼ਰਾਂ ਦੇ ਨਾਲ-ਨਾਲ ਘੁੰਮ ਰਹਿਾ ਸੁਰਜੀਤ ਪਾਤਰ ਵਰਤਮਾਨ ਪੰਜਾਬੀਅਤ ਦਾ ਸ਼ਾਇਰਾਨਾ ਪਰਆਿਏ ਹੈ। ਪੰਜਾਬੀਅਤ ਨੂੰ ਦਰਪੇਸ਼ ਵੰਗਾਰਾਂ ਦਾ ਸ਼ਾਇਰੀਕਰਨ, ਉਸ ਦਾ ਸਹਜਿ ਹੈ। ਇਹ ਸਫ਼ਰ ਕਦੇ ਸੰਸਥਾ-ਮੂਲਕ ਅੰਦਾਜ਼ ਵਚਿ ਅਤੇ ਕਦੇ ਸ਼ਾਇਰਾਨਾ ਅੰਦਾਜ਼ ਵਚਿ ਨਰਿੰਤਰ ਗਤੀਸ਼ੀਲ ਹੈ

ਮੈ ਸੁਣਾਂ ਜੇ ਰਾਤ ਖਾਮੋਸ਼ ਨੂੰ
ਮੇਰੇ ਦਲਿ 'ਚ ਕੋਈ ਦੁਆ ਕਰੇ,
ਇਹ ਜ਼ਮੀਨ ਹੋਵੇ ਸੁਰਾਂਗਲੀ
ਇਹ ਦਰੱਖਤ ਹੋਣ ਹਰੇ ਭਰੇ!

ਕਾਇਨਾਤ ਦੀਆਂ ਖਾਮੋਸ਼ੀਆਂ ਵਚਿ ਜ਼ਮੀਨ ਦੇ ਸੁਰਾਂਗਲੀ ਸਹਜਿ ਲਈ ਦੁਆ ਕਰਨਾ ਤੇ ਧਰਤੀ ਦੀ ਵਧ ਰਹੀ ਤਪਸ਼ ਵਚਿ ਰੁੱਖਾਂ ਦੇ ਹਰੇ ਭਰੇ ਹੋਣ ਦੀ ਇਬਾਦਤ ਨਾਲ ਇਕਸੁਰ ਹੋਣਾ ਤੇ ਫੇਰ ਵਅਿਕਤੀ ਦੀ 'ਮੈਂ' ਨੂੰ ਸਮਾਜ ਦੀ ਸਮੂਹਕਿਤਾ ਨਾਲ ਜੋੜਨ ਦੀ ਜਗਆਿਸਾ ਕਰਨਾ, ਸੁਰਜੀਤ ਪਾਤਰ ਦੀ ਸ਼ਾਇਰੀ ਦੇ ਸੂਖ਼ਮ ਅਹਸਿਾਸ ਦਾ ਸਖ਼ਿਰ ਹਨ।

ਮੈ ਹੀ ਮੈ ਜਦ ਕਹਿਾ, ਤਾਂ ਖਾਮੋਸ਼ੀ ਤਣੀ
ਰੁੱਖ ਲੱਗੇ ਧੁਖਣ, ਪੌਣ ਧੂੰਆਂ ਬਣੀ
ਜਦ ਮੈ ਆਪਾਂ ਕਹਿਾ, ਪੱਤੇ ਬਣ ਗਏ ਸੁਰਾਂ
ਹੋਈ ਜੰਗਲ ਦੇ ਵਚਿੰ ਕੂ-ਹੂ ਕੂ-ਕੂ-ਹੂ-ਕੂ




ਸੁਰਜੀਤ ਪਾਤਰ ਇਕ ਨਵਿੇਕਲੀ ਸਰਬ ਪ੍ਰਵਾਨਤਿ ਸ਼ਖ਼ਸੀਅਤ ਹੈ, ਜਸਿ ਨੂੰ ਹਰ ਕੋਈ ਸਤਕਾਿਰ ਦਦਿਾ ਹੈ, ਪਆਿਰ ਕਰਦਾ ਹੈ-ਉਸ ਤੋ ਅਗਵਾਈ ਲੈਦਾ ਹੈ।

ਉਸ ਨੂੰ ਪੰਜਾਬੀ ਕਵਤਿਾ ਦੀਆਂ ਸਾਰੀਆਂ ਆਧੁਨਕਿ ਲਹਰਿਾਂ ਅਤੇ ਸਾਰੀਆਂ ਕਾਵ ਿਪ੍ਰਵਰਿਤੀਆਂ ਨਾਲ ਮੇਚ ਮੇਚ ਕੇ ਵੇਖੀਏ ਤਾਂ ਸੁਰਜੀਤ ਪਾਤਰ ਦੀ ਝਲਕ ਅਸਲੋਂ ਵਲਿੱਖਣ ਹੈ। ਕਾਵ-ਿਪੇਸ਼ਕਾਰੀ ਦੇ ਹਰਮਨ ਪਆਿਰੇ ਅੰਦਾਜ਼ ਦੇ ਨਜ਼ਰੀਏ ਤੋ ਉਹ ਸ਼ਵਿ ਕੁਮਾਰ ਦਾ ਜਾਨਸ਼ੀਨ ਹੈ। ਕਵਤਿਾ ਦੀ ਸਰਬਾਂਗਤਾ ਵਚਿ ਉਹ ਪ੍ਰੋਫ਼ੈਸਰ ਮੋਹਣ ਸਘਿ ਦਾ ਪੂਰਕ ਹੈ। ਪ੍ਰਗਤੀਵਾਦੀ- ਮਾਨਵਵਾਦੀ ਕਾਵਧਾਿਰਾ ਵਚਿ ਉਹ ਪਾਸ਼ ਦਾ ਸਮਾਨਾਰਥੀ ਵੀ ਹੈ ਅਤੇ ਸਮਾਨੰਤਰੀ ਵੀ। ਨਵੀਂ ਪੰਜਾਬੀ ਕਵਤਿਾ ਦੇ ਵਰਤਮਾਨ ਵਚਿ ਉਹ ਬੇਜੋੜ ਹੈ। ਇਕ ਗ਼ੈਰ-ਤੁਲਨਾਵੀ ਕਵੀ। ਪਾਰਗਾਮੀ ਸੁਭਾਅ ਵਾਲੀ ਸੂਖ਼ਮ ਸ਼ਖ਼ਸੀਅਤ। ਚੰਗਾੜ ਭਰੇ ਘਣੇ ਜੰਗਲ ਵਚਿ ਵੀ ਸ਼ਾਂਤ ਵਗਦਾ ਇਕ ਦਰਆਿ।

14 ਜਨਵਰੀ 1945 ਨੂੰ ਦੁਆਬੇ ਦੇ ਪੱਤੜ ਕਲਾਂ ਪਡਿ ਵਚਿ ਪਤਿਾ ਹਰਭਜਨ ਸਘਿ ਦੇ ਘਰ ਮਾਤਾ ਗੁਰਬਖਸ਼ ਕੌਰ ਦੀ ਕੁੱਖੋ ਪੈਦਾ ਹੋਇਆ ਸੁਰਜੀਤ ਪਾਤਰ, ਰੋਟੀ-ਰੋਜ਼ੀ ਦੇ ਚੱਕਰ ਵਚਿ ਲੁਧਆਿਣਾ ਵਾਸੀ ਹੋ ਗਆਿ। ਪੀ.ਏ.ਯੂ. ਵਚਿ ਅਧਆਿਪਨ ਕਾਰਜ ਤੱਕ ਪਹੁੰਚਣ ਲਈ ਉਸ ਨੇ ਐਮ. ਏ. ਪੰਜਾਬੀ, ਐੱਮ ਫਲਿ ਤੇ ਪੀ. ਐਚ ਡੀ, ਤੱਕ ਦੀ ਪੜ੍ਹਾਈ ਕੀਤੀ। ਫੇਰ ਗੁਰੂ ਨਾਨਕ ਦੇਵ ਯੂਨੀਵਰਸਟਿੀ ਨੇ, ਉਸ ਨੂੰ ਡੀ-ਲਟਿ ਦੀ ਆਨਰੇਰੀ ਡਗਿਰੀ ਵੀ ਪ੍ਰਦਾਨ ਕੀਤੀ। ਭਾਸ਼ਾ ਵਭਿਾਗ ਪੰਜਾਬ, ਪੰਜਾਬੀ ਸਾਹਤਿ ਅਕਾਦਮੀ ਲੁਧਆਿਣਾ, ਪੰਜਾਬੀ ਅਕਾਦਮੀ ਦਲਿੀ ਤੇ ਭਾਰਤੀ ਸਾਹਤਿ ਅਕਾਦਮੀ ਦੇ ਪੁਰਸਕਾਰਾਂ ਦੇ ਨਾਲ-ਨਾਲ ਉਸ ਨੂੰ ਪੰਚਨਦ ਅਤੇ ਸਰਸਵਤੀ ਪੁਰਸਕਾਰ ਵੀ ਮਲਿ ਚੁੱਕੇ ਹਨ ਤੇ ਦੇਸ਼ ਦਾ ਵੱਕਾਰੀ ਪੁਰਸਕਾਰ ਪਦਮਸ੍ਰੀ ਵੀ ਉਸ ਦੀ ਝੋਲੀ ਵਚਿ ਹੈ। ਪਰ ਇਨ੍ਹਾਂ ਸਭ ਪੁਰਸਕਾਰਾਂ, ਸਨਮਾਨਾਂ ਅਤੇ ਡਗਿਰੀਆਂ ਤੋ ਉੱਚਾ ਸੁਰਜੀਤ ਪਾਤਰ ਆਪਣੇ ਆਪ ਵਚਿ ਅਜਹਿੀ ਪਰਵਾਜ਼ ਹੈ, ਜੋ ਕਵਤਿਾ ਨੂੰ ਉਡਣਾ ਸਖਾਿਉਂਦੀ ਹੈ:-



**ਡਾ. ਲਖਵਿੰਦਰ ਸਿੰਘ ਜੌਹਲ**
20 ਪ੍ਰੋਫੈਸਰ ਕਾਲੋਨੀ,
ਵਡਾਲਾ ਚੌਕ,
ਜਲੰਧਰ-144001

ਮੈ ਰਾਹਾਂ ਤੇ ਨਹੀਂ ਤੁਰਦਾ
ਮੈ ਤੁਰਦਾ ਹਾਂ ਤਾਂ ਰਾਹ ਬਣਦੇ।

'ਹਵਾ 'ਚ ਲਖਿੇ ਹਰਫ਼' ਤੋ 'ਚੰਨ ਸੂਰਜ ਦੀ ਵਹਗਿੀ' ਅਤੇ " ਇਹ ਬਾਤ ਨਰਿੀ ਏਨੀ ਨਹੀਂ" ਤੱਕ ਫੈਲੀਆਂ ਹੋਈਆਂ ਹਨ ਉਸ ਦੀਆਂ ਕਾਵ ਿਕਤਿਾਬਾਂ। ਇਨ੍ਹਾਂ ਵਚਿ 2011 ਵਚਿ ਛਪੀ ਉਸ ਦੀ ਵਾਰਤਕਿ ਪੁਸਤਕ 'ਸੂਰਜ ਮੰਦਰ ਦੀਆਂ ਪੌੜੀਆਂ' ਵੀ ਸ਼ਾਮਲਿ ਹੈ ਜਸਿ ਨੇ ਉਸ ਦੀਆਂ ਯਾਤਰਾਵਾਂ ਅਤੇ ਮਤਿਰ-ਮਲਿਣੀਆਂ ਨੂੰ ਸ਼ਬਦ ਚਤਿਰਾਂ ਰਾਹੀਂ ਪ੍ਰਗਟ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤਿ ਪੁਸਤਕ 'ਸੋਇਨੇ ਕਾ ਬਰਿਖੁ' ਦੀ ਸੰਪਾਦਨਾ ਕਰਕੇ ਉਸ ਨੇ ਇਕ ਹੋਰ ਇਤਹਿਾਸ ਸਰਿਜਆਿ ਹੈ।

ਸੁਰਜੀਤ ਪਾਤਰ ਦੀਆਂ ਗ਼ਜ਼ਲਾਂ, ਗੀਤ ਅਤੇ ਨਜ਼ਮਾਂ ਅਜਹਿਾ ਖ਼ਜ਼ਾਨਾ ਹਨ, ਜਸਿ ਦੀ ਚਮਕ ਪੰਜਾਬੀ ਕਵਤਿਾ ਦੇ ਵਰਤਮਾਨ ਦੇ ਨਾਲ-ਨਾਲ ਭਵਖਿ ਨੂੰ ਵੀ ਰੁਸ਼ਨਾ ਰਹੀ ਹੈ। ਇਹ ਸ਼ਾਇਰੀ ਸ਼ਬਦਾਂ ਅਤੇ ਸੁਰਾਂ ਦਾ ਅਦਭੁੱਤ ਸੁਮੇਲ ਹੈ। ਮਨੁੱਖ ਦੇ ਅੰਤਰੀਵ ਦੀ




ਕਸ਼ਮਕਸ਼ ਅਤੇ ਜ਼ਦਿੰਗੀ ਦੀਆਂ ਕੌੜੀਆਂ ਹਕੀਕਤਾਂ ਨਾਲ ਖਹਣਿ ਦੇ ਅਮਲ ਵਚਿੋਂ ਪੈਦਾ ਹੁੰਦੀ ਸੁਰਜੀਤ ਪਾਤਰ ਦੀ ਕਵਤਿਾ ਇੱਕੋ ਵੇਲੇ ਵਾਰਸਿਾਂ ਅਤੇ ਪੁਰਖਆਿਂ ਨੂੰ ਮੁਖਾਤਬਿ ਹੈ

ਮੇਰੇ ਅੰਦਰ ਵੀ ਚਲਦੀ ਹੈ ਇੱਕ ਗੁਫ਼ਤਗੂ
ਜਥਿੇ ਲਫ਼ਜ਼ਾਂ 'ਚ ਢਲਦਾ ਹੈ ਮੇਰਾ ਲਹੂ,
ਜਥਿੇ ਮੇਰੀ ਬਹਸਿ ਹੈ ਮੇਰੇ ਨਾਲ ਹੀ
ਜਥਿੇ ਵਾਰਸਿ ਤੇ ਪੁਰਖੇ ਖੜ੍ਹੇ ਰੂਬਰੂ।

'ਬੁੱਢੀ ਜਾਦੂਗਰਨੀ', 'ਪੁਲ', 'ਹੁਣ ਘਰਾਂ ਨੂੰ ਪਰਤਣਾ ਮੁਸ਼ਕਲਿ ਬੜਾ ਹੈ' ਤੇ 'ਰੇਡੀਓ' ਵਰਗੀਆਂ ਦਮਦਾਰ ਕਵਤਿਾਵਾਂ ਦੇ ਇਸ ਰਚੇਤਾ ਨੇ ਗ਼ਜ਼ਲੀਅਤ ਅਤੇ ਪ੍ਰਗੀਤਕ ਕਵਤਿਾ ਨੂੰ ਆਪਣੀ ਲੇਖਣੀ ਦੀ ਮੁੱਖ-ਸੁਰ ਬਣਾਇਆ। ਜਵਿੇਂ ਡਾ. ਜਗਤਾਰ, ਗੁਰਦੇਵ ਨਰਿਧਨ, ਕੰਵਰ ਚੌਹਾਨ, ਰਣਧੀਰ ਸਘਿ ਚੰਦ ਅਤੇ ਤ੍ਰਲਿੋਕ ਆਨੰਦ ਵਰਗੇ ਗ਼ਜ਼ਲਗੋਆਂ ਨੇ ਪੰਜਾਬੀ ਗ਼ਜ਼ਲ ਨੂੰ ਜਦੀਦ ਰੰਗ ਦਤਿਾ ਉਵੇਂ ਸੁਰਜੀਤ ਪਾਤਰ ਨੇ ਪੰਜਾਬੀ ਗ਼ਜ਼ਲ ਦੇ ਇਸ ਜਦੀਦ ਰੰਗ ਨੂੰ ਪ੍ਰਗੀਤਕ ਰਵਾਨੀ ਵੀ ਦਤਿੀ। ਸੁਰਜੀਤ ਪਾਤਰ ਕੋਲ ਪਹੁੰਚ ਕੇ ਪੰਜਾਬੀ ਗ਼ਜ਼ਲ ਪੰਜਾਬੀਅਤ ਦੀ ਰੂਹ ਦਾ ਰਾਗ ਬਣਦੀ ਪ੍ਰਤੀਤ ਹੁੰਦੀ ਹੈ, ਪੰਜਾਬੀ ਗ਼ਜ਼ਲ ਲੇਖਣ ਦੀ ਸਮੁੱਚੀ ਪਰੰਪਰਾ ਪਾਤਰ-ਬਦਿੂ ਉੱਤੇ ਆ ਕੇ ਹੋਰ ਬੁਲੰਦ ਹੋ ਰਹੀ ਦਸਿਦੀ ਹੈ, ਉਸ ਦਾ ਆਪਣਾ ਇਕ ਸ਼ਅਿਰ ਹੈ:-

ਕਦੀ ਦਰਆਿ ਇਕੱਲਾ ਤਹਿ ਨਹੀਂ ਕਰਦਾ ਦਸ਼ਿਾ ਆਪਣੀ,
ਜ਼ਮੀਂ ਦੀ ਢਾਲ, ਜਲ ਦਾ ਵੇਗ ਹੀ, ਰਲ ਮਲਿ ਕੇ ਰਾਹ ਬਣਦੇ।

ਸੁਰਜੀਤ ਪਾਤਰ ਦੀ ਗ਼ਜ਼ਲੀਅਤ ਦਾ ਇਹ ਦਾਰਸ਼ਨਕਿ ਰੰਗ ਈਸ਼ਵਰ ਚਤਿਰਕਾਰ, ਬਾਵਾ ਬਲਵੰਤ ਅਤੇ ਸੋਹਣ ਸਘਿ ਮੀਸ਼ਾ ਦਾ ਅਗਲਾ ਪੜਾਅ ਦਸਿਦਾ ਹੈ। ਇਹ ਵਅਿਕਤੀ-ਮਨ ਦੀਆਂ ਗਹਰਿੀਆਂ ਰਮਜ਼ਾਂ ਨੂੰ ਹੰਘਾਲਦਾ ਹੋਇਆ, ਸਮਾਜ ਦੀਆਂ ਗਹਰਿੀਆਂ ਪਰਤਾਂ ਨੂੰ ਅਤਿ ਸੂਖ਼ਮ ਅੰਦਾਜ਼ ਵਚਿ ਫਰੋਲਦਾ ਹੈ। ਇਹ ਕਵੀ-




ਮਨ ਅਤੇ ਵਅਿਕਤੀ-ਮਨ ਦੀ ਸੁਭਾਵਕਿ ਕਸ਼ਮਕਸ਼ ਦੀ ਸ਼ਾਇਰੀ ਹੈ, ਜਸਿ ਵਚਿ ਸਸਿਟਮ ਲਈ ਵੰਗਾਰ ਸਹਜਿ ਅੰਦਾਜ਼ ਵਚਿ ਅੰਕਤਿ ਹੈ:-

ਲਹੂ 'ਚੋਂ ਬਾਲੇ ਤਾਂ ਆਪੇ ਲੋਕਾਂ ਨੇ ਸਾਂਭ ਲੈਣੇ ਨੇ ਸੀਨਆਿਂ ਵਚਿ
ਇਹ ਲਫ਼ਜ਼ ਤੇਰੇ ਚਰਿਾਗ਼ ਜਗਦੇ, ਤੂੰ ਡਰ ਨਾ, ਕਰ ਦੇ ਹਵਾ ਹਵਾਲੇ।

ਲਫ਼ਜ਼ਾਂ ਨੂੰ ਜਗਦੇ ਚਰਿਾਗਾਂ ਦੀ ਸੰਗਆਿ ਦੇਣਾ, ਲਹੂ ਨਾਲ ਬਾਲਣਾ ਅਤੇ ਲੋਕਾਂ ਦੇ ਸੀਨਆਿਂ ਵਚਿ ਸਾਂਭੇ ਜਾਣ ਦਾ ਵਸ਼ਿਵਾਸ ਰੱਖਣਾ ਤੇ ਫੇਰ ਇਨ੍ਹਾਂ ਬਲਦੇ ਚਰਿਾਗ਼ਾਂ ਨੂੰ ਹਵਾ ਦੇ ਹਵਾਲੇ ਕਰਨਾ ਅਤੇ ਆਪਣੀਆਂ ਗ਼ਜ਼ਲਾਂ ਨੂੰ "ਹਵਾ 'ਚ ਲਖਿੇ ਹਰਫ਼" ਕਹਣਿਾ, ਕਵਤਿਾ ਦੇ ਕਰਤਾਰੀ ਕੌਤਕ ਦਾ ਉਹ ਅਹਸਿਾਸ ਹੈ, ਜੋ ਸੁਰਜੀਤ ਪਾਤਰ ਰਾਹੀਂ ਪੰਜਾਬੀ ਕਾਵਿ-ਇਤਹਿਾਸ ਨੂੰ ਪ੍ਰਾਪਤ ਹੋਇਆ ਹੈ।

# SGT UNIVERSITY

## NURTURING FUTURE LEADERS



**UNDERGRADUATE, POSTGRADUATE & Ph.D. COURSES OFFERED**

**Engineering and Technology | Law | Mass Comm. & Media Technology | Science**
**Hotel & Tourism Management | Commerce & Management | Agricultural Sciences**
**Education | Fashion & Design | Nursing | Physiotherapy | Allied Health Sciences**
**Pharmacy | Behavioural Sciences | Dental Sciences | Medicine and Health Sciences**
**Indian Medical System | Naturopathy & Yogic Sciences**

MC-4320 MC-3439

- 21-YEAR LEGACY IN EDUCATION
- 70+ ACRE POLLUTION FREE, SELF-SUSTAINED CAMPUS
- 1500+ MENTORED AS ENTREPRENEURS
- 360° HOLISTIC DEVELOPMENT
- EXPRESSWAY CONNECTIVITY FROM AIRPORT
- 18 FACULTIES
- 800+ TEACHERS
- 9200+ STUDENTS

UPTO **100%** SCHOLARSHIP

**www.sgtuniversity.ac.in**
Budhera, Gurugram-Badli Road,
Gurugram (Haryana) -122505, Phone : 0124-2278183-85

**1800 102 5661** **admissions@sgtuniversity.org**

"The Admission Procedure/Reservation of Seats/Fee Concession will be governed as per the Sections 35 and 36 of the Haryana Private Universities Act, 2006"



# ਕਿਤਾਬ

ਤੂੰ ਇਕ ਕਿਤਾਬ ਏਂ
ਜਿਸਦਾ ਹਰ ਪੰਨਾ
ਮੈਂ ਯਾਦ ਕਰਨਾ ਏਂ,
ਜਦ ਕਦੀ ਸ਼ੋਰ ਸ਼ਰਾਬੇ 'ਚ
ਜਦੋਂ ਮੈਂ ਤੈਨੂੰ ਖੁਦ ਭਾਲਾਂ ਤਾਂ
ਤੇਰਾ ਹੱਥ ਫੜ ਕੇ ਹੌਲੀ ਜਿਹੀ
ਤੈਨੂੰ ਤੇਰੇ ਨਾਲ ਮੁੜ ਮਿਲਾਉਣਾ ਏਂ

ਤੂੰ ਇਕ ਕਿਤਾਬ ਏਂ
ਜਿਸਦਾ ਪੰਨਾ ਪੰਨਾ
ਮੈਂ ਯਾਦ ਕਰਨਾ ਏਂ,
ਹਰ ਲਫ਼ਜ਼ ਦਾ ਨੂਰ ਯਾਦ ਕਰਨਾ ਏਂ
ਤੇਰੇ ਨਾਲ ਜੁੜਿਆ ਹਰ ਕਿੱਸਾ ਦੋਹਰਾਉਣਾ ਏਂ
ਇਕ ਨਜ਼ਮ ਨੂੰ ਸ਼ੌਕੀਆ ਯਾਦ ਕਰ
ਇਕੱਲਿਆਂ ਹੀ ਗੁਣਗੁਣਾਉਣਾ ਏਂ

ਤੂੰ ਇਕ ਕਿਤਾਬ ਏਂ
ਜਿਸ ਨੂੰ ਸਿਆਲਾਂ ਦੀ
ਨਿੱਘੀ ਧੁੱਪ ਵਾਲੀ ਦੁਪਹਿਰ ਵਿੱਚ
ਅਲਸਾਈਆਂ ਉਂਗਲਾਂ ਨਾਲ ਪਲਟਣਾਂ ਏਂ



ਡਾ. ਸੁਮਿਤਾ ਮਿਸ਼ਰਾ

ਪਰਤ ਕੇ ਰੁਕ ਜਾਣਾ ਏਂ,
ਅਤੇ ਕੁਝ ਲਫ਼ਜ਼ਾਂ ਦੀ ਖ਼ੂਬਸੂਰਤੀ ਵਿੱਚ
ਫੇਰ ਉਠਦਿਆਂ ਬਹਿੰਦਿਆਂ ਮਨ ਹੀ ਮਨ ਮੁਸਕਰਾਉਣਾ ਏਂ

ਤੂੰ ਇਕ ਕਿਤਾਬ ਏਂ
ਜਿਸਦੇ ਵਰਕਿਆਂ ਵਿੱਚ
ਗੁਲਾਬ ਅਤੇ ਤਾਜ਼ੇ ਨੀਂਬੂ ਦੀਆਂ

ਪੱਤੀਆਂ ਨੂੰ ਲੁਕਾਉਣਾ ਏਂ
ਅਮਿੱਟ ਰੂਪ ਅਤੇ ਖ਼ੁਸ਼ਬੂ
ਜਿਸ ਨੇ ਸਾਲਾਂ ਬਾਦ ਵੀ
ਤੇਰੇ ਹੀ ਹੱਥੋਂ ਖੁਲ੍ਹਣਾ ਏਂ

ਤੂੰ ਇਕ ਕਿਤਾਬ ਏਂ
ਜਿਸ ਨੂੰ ਪੜ੍ਹਦਿਆਂ ਰਾਤ ਕੱਟ ਜਾਵੇ
ਜਿਸ ਦੇ ਨਵਰਸ ਦੀ ਕਹਾਣੀ ਵਿੱਚ
ਪ੍ਰਗਟਾਹ ਦੀ ਬੇਬਾਕੀ ਵਿੱਚ
ਸ਼ਮਾਂ ਬੁਝਣ ਲੱਗੇ, ਹਨੇਰਾ ਪਸਰਨ ਲੱਗੇ
ਫੇਰ ਵੀ ਏਸ ਕਹਾਣੀ ਵਿੱਚ ਹੀ
ਆਪਾਂ ਬਾਰ-ਬਾਰ ਗਵਾਚ ਜਾਣਾ ਏਂ
ਤੇਰਾ ਬਿਆਨ ਹੀ ਮੇਰੀ ਦਾਸਤਾਨ ਏਂ

ਤੂੰ ਇਕ ਕਿਤਾਬ ਏਂ
ਜਿਸਦੀ ਕਸਕ ਕਦੀ ਨਾ ਘਟੀ
ਕਦੀ, ਕਿਸੇ ਕੁਰਸੀ ਤੇ ਬੈਠ,
ਆਪਣੇ ਹੱਥਾਂ ਨਾਲ ਫੇਰ ਸਹਿਲਾ ਕੇ
ਮੁੜ ਕਿਸੇ ਨਜ਼ਮ ਨੂੰ ਸੀਨੇ ਨਾਲ ਲਾ ਕੇ
ਓਸ ਸਿਆਹੀ ਅਤੇ ਦੋਹਾਂ ਨੂੰ ਇੰਜ ਹੀ
ਕਿਸੇ ਸ਼ਾਮ ਘੁਲ ਜਾਣਾ ਏਂ ...



# ਜਾਂਬਾਜ਼ ਸੁੰਦਰੀ

ਨਾਨਾ ਜੀ ਕਈ ਪਿੰਡਾਂ ਦੇ ਸਰਪੰਚ ਸਨ | ਉਨ੍ਹਾਂ ਦਾ ਤਿੰਨ ਸੋ ਵਿੱਘੇ ਦਾ ਕੱਠਾ ਟੱਕ ਸੀ | ਰੇਤਲਾ ਇਲਾਕਾ ਤੇ ਉੱਚੇ ਉੱਚੇ ਟਿੱਬੇ ਸਨ | ਖੇਤੀ ਦੇ ਨਾਉਂ ਤੇ ਜੇਕਰ ਕੁਝ ਹੁੰਦਾ ਸੀ ਤਾਂ ਉਹ ਸੀ ਮੂੰਗਫਲੀ, ਮਤੀਰੇ, ਖ਼ਰਬੂਜੇ, ਕਿਤੇ ਕਿਤੇ ਇੱਖ, ਕਣਕ, ਕਪਾਹ ਤੇ, ਨਰਮਾ ਜਾਂ ਫੇਰ ਮੱਕੀ ਤੇ ਹਰਾ ਚਾਰਾ | ਛੁੱਟੀਆਂ ਵਿੱਚ ਜਦੋਂ ਨਾਨਕੇ ਜਾਂਦੇ ਤਾਂ ਨਾਨੇ ਨਾਲ ਬੋਤਾ ਗੱਡੀ ਵਿੱਚ ਬੈਠ ਕੇ ਖੂਹ ਤੇ ਚਲੇ ਜਾਣਾ | ਖੂਹ ਘਰ ਤੋਂ ਕਾਫੀ ਦੂਰੀ ਤੇ ਸੀ | ਰਸਤੇ ਵਿੱਚ ਨਾਨਾ ਮੈਨੂੰ ਰਾਜੇ ਮਹਾਰਾਜਿਆਂ ਦੀਆਂ ਸਲਤਨਤਾਂ ਦੀਆਂ ਕਹਾਣੀਆਂ ਸੁਣਾਇਆ ਕਰਦਾ ਸੀ | ਨਾਨੇ ਦਾ ਸਹੁਰਾ ਰਾਜੇ ਦਾ ਅਹਿਲਕਾਰ ਸੀ, ਅਹਿਲਕਾਰਾਂ ਤੋਂ ਕਿਹੜੀ ਗੱਲ ਲੁਕੀ ਹੁੰਦੀ ਐ ਰਾਜ ਘਰਾਣਿਆਂ ਦੀ, ਇਸ ਬਾਰ ਬਹੁਤ ਹੀ ਦਿਲਚਸਪ ਕਹਾਣੀ ਸੁਣਾਈ - ਜਾਂਬਾਜ ਸੁੰਦਰੀ ਦੀ |

ਉਸਦਾ ਬੇਟਾ ਮਹਿਜ ਚਾਰ ਸਾਲਾਂ ਦਾ ਸੀ ਜਦੋਂ ਮਹਾਰਾਜਾ ਪ੍ਰਲੋਕ ਸੁਧਾਰ ਗਿਆ | ਬੇਵਕਤੀ ਮੌਤ ਨੇ ਬੱਚੇ ਦੇ ਮਨ ਤੇ ਡੂੰਘਾ ਅਸਰ ਕੀਤਾ ਜੋ ਅੰਗ੍ਰੇਜ਼ ਅਫਸਰਾਂ ਦੀ ਨਿਗਰਾਨੀ ਹੇਠ ਰਿਜੈਂਸੀ ਕੌਂਸਿਲ ਮੈਂਬਰਾਂ ਦੀ ਦੇਖ ਰੇਖ ਵਿੱਚ ਪਲਿਆ | ਪਿਤਾ ਦੀ ਮੌਤ ਤੋਂ ਬਾਦ ਗਹਿਰੇ ਸਦਮੇ ਵਜੋਂ ਉਸ ਦਾ ਮਨ ਉਦਾਸ ਰਹਿੰਦਾ ਸੀ | ਜਵਾਨ ਹੋਇਆ ਤਾਂ ਇਕ ਤੋਂ ਬਾਦ ਇਕ, ਦੋ ਵਿਆਹ ਹੋਏ ਪਰ ਦੋਵੇਂ ਵਹੁਟੀਆਂ ਚੱਲ ਵਸੀਆਂ | ਉਸ ਦਾ ਮਨ ਹੋਰ ਉਚਾਟ ਰਹਿਣ ਲੱਗਿਆ | ਬਹੁਤ ਸਾਰੇ ਨੌਕਰਾਂ ਚਾਕਰਾਂ ਤੇ ਅਹਿਲਕਾਰਾਂ ਦੇ ਦਰਮਿਆਨ ਹੁੰਦਾ ਹੋਇਆ ਵੀ ਉਹ ਉਦਾਸ ਰਹਿੰਦਾ | ਇਸ ਇਕਲਾਪੇ ਤੋਂ ਨਿਜਾਤ ਪਾਉਣ ਲਈ ਉਹ ਕੁਝ ਸਮਾਂ ਬਿਤਾਉਣ ਮਸੂਰੀ ਦੀਆਂ ਵਾਦੀਆਂ ਵਿੱਚ ਚਲਿਆ ਜਾਂਦਾ | ਰਮਣੀਕ ਪਹਾੜੀਆਂ ਵਿੱਚ ਬੂਰ ਲੱਦੇ ਵੰਨ ਸੁਵੰਨੇ ਫਲਾਂ ਦੇ ਬੂਟੇ ਅਤੇ ਖ਼ੂਬਸੂਰਤ ਫੁੱਲ ਉਸ ਦੇ ਉਦਾਸ ਮਨ ਨੂੰ ਬਹੁਤ ਸਕੂਨ ਦਿੰਦੇ | ਕੈਂਪਟੀ – ਫ਼ਾਲ ਪਹਾੜੀ ਤੋਂ ਡਿੱਗਦਾ ਸ਼ੀਤਲ ਜਲ ਦਾ ਝਰਨਾ ਉਸ ਦੇ ਮਨ ਨੂੰ ਸਰਸ਼ਾਰ ਕਰ ਛੱਡਦਾ | ਉਹ ਘੰਟਿਆਂ ਬੱਧੀ ਝਰਨੇ ਹੇਠ ਬੈਠਾ ਨਹਾਉਂਦਾ ਰਹਿੰਦਾ ਅਤੇ ਕੁਦਰਤੀ ਨਜ਼ਾਰਿਆਂ ਦਾ ਖ਼ੂਬ ਆਨੰਦ ਮਾਣਦਾ |

ਇਕ ਸਵੇਰ ਪਰਬਤਾਂ ਦੀ ਰਾਣੀ ਨੂੰ ਅਲਵਿਦਾ ਕਹੀ ਉਹ ਵਾਪਿਸ ਪਰਤ ਰਿਹਾ ਸੀ | ਨਾਭਾ ਸਟੇਸ਼ਨ ਤੇ ਗੱਡੀ ਰੁਕੀ ਤਾਂ ਸਟੇਸ਼ਨ ਦਾ ਅਮਲਾ ਇਕ ਦਮ ਹਰਕਤ ਵਿਚ ਆ ਗਿਆ | ਇਸ ਗੱਡੀ ਨਾਲ ਜੁੜੀ ਸੀ ਇਕ ਸਪੈਸ਼ਲ ਬੋਘੀ ਜਿਸ ਵਿਚ ਇਕ ਰਿਆਸਤ ਦੇ ਹੁਕਮਰਾਨ ਦਾ ਬੇਟਾ ਆਪਣੇ ਅਹਿਲਕਾਰਾਂ ਤੇ ਟਹਿਲਕਾਰਾਂ ਸਮੇਤ ਸਵਾਰ ਸੀ | ਸਟੇਸ਼ਨ ਤੇ ਖੜ੍ਹੀ ਇਕ ਬਹੁਤ ਹੀ ਖ਼ੂਬਸੂਰਤ ਬਰਤਾਨਵੀ ਸੁੰਦਰੀ ਲੋਕਾਂ ਦੀ ਖਿੱਚ ਦਾ ਕੇਂਦਰ ਬਣੀ ਹੋਈ ਸੀ | ਉਹ ਗੋਰੀ ਨੱਢੀ ਆਪਣੀ ਅਧੇੜ ਉਮਰ ਦੀ ਮਾਂ ਅਤੇ ਆਪਣੇ ਭਰਾ ਸਮੇਤ ਇਕ ਸਰਕਸ ਪਾਰਟੀ ਨਾਲ ਸ਼ਾਹੀ ਸ਼ਾਨੋ- ਸ਼ੋਕਤ ਭਰਪੂਰ ਭਾਰਤੀ ਰਿਆਸਤਾਂ ਵਿਚ ਧਨ ਕਮਾਉਣ ਦੀ ਲਾਲਸਾ ਅਤੇ ਆਪਣੀ ਕਿਸਮਤ ਅਜਮਾਉਣ ਦੇ ਇਰਾਦੇ ਨਾਲ ਆਈ ਹੋਈ ਸੀ | ਸਟੇਸ਼ਨ ਦੇ ਪਿਛਵਾੜੇ ਹੀ ਸਰਕਸ ਪਾਰਟੀ ਨੇ ਆਪਣੇ ਤੰਬੂ ਗੱਡੇ ਹੋਏ ਸਨ |

ਗੱਡੀ ਰੁਕਦਿਆਂ ਹੀ ਰਾਜੇ ਦਾ ਧਿਆਨ ਇਨ੍ਹਾਂ ਵਿਦੇਸ਼ੀ ਅਜਨਬੀਆਂ ਵੱਲ ਗਿਆ | ਪੁੱਛਣ ਤੇ ਪਤਾ ਲੱਗਿਆ ਕਿ ਉਹ ਇੰਗਲੈਂਡ ਦੀ ਇਕ ਸਰਕਸ ਪਾਰਟੀ ਨਾਲ ਆਏ ਹੋਏ ਹਨ | ਰਾਜੇ ਨੇ ਸੰਦੇਸ਼ ਭੇਜਿਆ ਕਿ ਪਾਰਟੀ ਆ ਕੇ ਰਾਜਧਾਨੀ ਵਿਚ ਵੀ ਆਪਣੇ ਜੌਹਰ ਦਿਖਾਏ | ਅੰਨ੍ਹਾ ਕੀ ਮੰਗੇ ਦੋ ਅੱਖਾਂ | ਕੁਝ ਹੀ ਦਿਨਾਂ ਅੰਦਰ ਪਾਰਟੀ ਨੇ ਆ ਰਾਜਧਾਨੀ ਵਿਚ ਤੰਬੂ ਗੱਡੇ | ਬਹੁਤ ਹੀ ਸ਼ਾਨਦਾਰ ਸ਼ੋ ਆਯੋਜਿਤ ਕੀਤਾ ਗਿਆ ਜਿਸ ਦਾ ਆਨੰਦ ਮਹਾਰਾਜਾ ਵੀ ਮਾਣ ਰਿਹਾ ਸੀ | ਖ਼ੂਬਸੂਰਤ ਜਾਂਬਾਜ ਸੁੰਦਰੀ ਜੋ ਜਵਾਨੀ ਦੀ ਦਹੀਲੀਜ ' ਤੇ ਅਜੇ ਕਦਮ ਰੱਖ ਹੀ ਰਹੀ ਸੀ ਨੂੰ ਇਕ ਮਨਮੋਹਕ ਪੁਸ਼ਾਕ ਪਵਾ ਕੇ ਇਕ ਵਿਸ਼ਾਲ ਗੁਬਾਰੇ ਨਾਲ ਹਵਾ ਵਿਚ ਉਡਾ ਦਿੱਤਾ ਗਿਆ | ਜਨਤਾ ਸੁੰਦਰੀ ਨੂੰ ਗੁਬਾਰੇ ਨਾਲ ਉਡਦਿਆਂ ਵੇਖ ਕੇ ਅਚੰਭਿਤ ਹੋ ਉੱਠੀ | ਇਸ ਤਰਾਂ ਦਾ ਅਨੋਖਾ ਨਜ਼ਾਰਾ ਲੋਕਾਂ ਪਹਿਲੋਂ ਕਦੀ ਨਹੀਂ ਸੀ ਡਿੱਠਾ | ਨਾਜ਼ੁਕ ਗੋਰੀ ਨੱਢੀ ਨੂੰ ਲੈ ਕੇ ਗੁਬਾਰਾ ਬਹੁਤ ਦੂਰ ਉੱਚਾ ਜੰਗਲ ਵੱਲ ਉਡ ਗਿਆ |

ਮਹਾਰਾਜੇ ਨੇ ਆਪਣੇ ਘੁੜਸਵਾਰਾਂ ਨੂੰ ਹੁਕਮ ਦਿੱਤਾ ਕਿ ਉਹ ਉਸ ਗੁਬਾਰੇ ਦੇ ਨਾਲ ਨਾਲ ਜਾਣ ਅਤੇ ਹੇਠ ਉਤਰਦਿਆਂ ਹੀ ਸੁੰਦਰੀ ਨੂੰ ਸਹੀ ਸਲਾਮਤ ਆਪਣੇ ਨਾਲ ਲੈ ਕੇ ਆਉਣ | ਘੋੜਸਵਾਰ ਗੁਬਾਰੇ ਦੇ ਪਿੱਛੇ ਹੋ ਟੁਰੇ| ਪੰਜ ਛੇ ਮੀਲ ਦੀ ਦੂਰੀ ਤੇ ਜਾ ਕੇ ਗੁਬਾਰਾ ਜੰਗਲ ਵਿਚ ਡਿੱਗਿਆ | ਫਟੇ ਹੋਏ ਗੁਬਾਰੇ ਤੇ ਸੁੰਦਰੀ ਨੂੰ ਲੈ ਕੇ ਘੋੜਸਵਾਰ ਵਾਪਿਸ ਪਰਤ ਆਏ | ਸੁੰਦਰੀ ਦੇ ਦਲੇਰਾਣਾ ਪ੍ਰਦਰਸ਼ਨ ਨੇ ਰਾਜੇ ਦਾ ਮਨ ਮੋਹ ਲਿਆ | ਮਹਾਰਾਜੇ ਨੇ ਸੁੰਦਰੀ ਨੂੰ ਪਰਿਵਾਰ ਸਮੇਤ ਸ਼ਾਹੀ ਖਾਣੇ ਦੀ ਦਾਅਵਤ ਦਿੱਤੀ | ਬਹੁਤ ਸ਼ਾਨਦਾਰ ਦਾਅਵਤ ਹੋਈ | ਆਪਣੀ ਇਕੱਲਤਾ ਨੂੰ ਦੂਰ ਕਰਨ ਲਈ ਰਾਜੇ ਨੇ ਸੁੰਦਰੀ ਨੂੰ ਵਿਆਹ ਦੀ ਪੇਸ਼ਕਸ਼ ਕੀਤੀ ਜੋ ਇਕ ਦਮ ਪ੍ਰਵਾਨ ਹੋ ਗਈ | ਸੁੰਦਰੀ ਦੀ ਮਾਂ ਦੀ ਸਹਿਮਤੀ ਨਾਲ ਕੁੜੀ ਦਾ ਵਿਆਹ ਰਾਜੇ ਨਾਲ ਹੋ ਗਿਆ ਜੋ ਬਾਈਆਂ ਵਰ੍ਹਿਆਂ ਦਾ ਨੌਜਵਾਨ ਸੀ | ਸੁੰਦਰੀ ਇਕ ਸਰਕਸ ਕਲਾਕਾਰ ਤੋਂ ਮਹਾਰਾਣੀ ਬਣ ਗਈ ਤੇ ਇਕ ਮਨਮੋਹਕ ਦੁਨੀਆਂ ਵਿਚ ਪ੍ਰਵੇਸ਼ ਕਰ ਗਈ | ਸਰਕਸ ਵਿਚ ਕੰਮ ਕਰਦਿਆਂ ਉਸ ਕਦੀ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਇਕ ਦਿਨ ਉਹ ਕਿਸੇ ਰਿਆਸਤ ਦੀ ਮਹਾਰਾਣੀ ਬਣੇਗੀ |

ਉਹ ਫੁਰਤੀਲੀ ਅਤੇ ਮਜ਼ਬੂਤ ਇਰਾਦੇ ਵਾਲੀ ਮੁਟਿਆਰ ਸੀ ਜੋ ਉੱਥੇ ਦੇ ਮਾਹੌਲ ਵਿਚ ਛੇਤੀ ਹੀ

ਰਚ ਮਿਚ ਗਈ | ਉਸ ਨੇ ਇਕ ਪੁੱਤਰ ਨੂੰ ਜਨਮ ਦਿੱਤਾ ਪਰ ਕੁਝ ਮਹੀਨੇ ਬਾਦ ਹੀ ਉਸ ਦੀ ਮੌਤ ਹੋ ਗਈ ਜਿਸ ਨਾਲ ਦੋਵਾਂ ਨੂੰ ਬੜਾ ਭਾਰੀ ਸਦਮਾ ਪਹੁੰਚਿਆ | ਫੇਰ ਕੁਝ ਮਹੀਨੇ ਬਾਦ ਹੀ ਉਨ੍ਹਾਂ ਇਕ ਪੁੱਤਰੀ ਨੂੰ ਜਨਮ ਦਿੱਤਾ | ਉਹ ਸਾਰਾ ਦਿਨ ਉਸ ਬੱਚੀ ਵਿਚ ਪਰਚੀ ਰਹਿੰਦੀ | ਹੁਣ ਉਸ ਦਾ ਸਾਰਾ ਸੰਸਾਰ ਹੀ ਬਦਲ ਚੁੱਕਿਆ ਸੀ | ਉਸ ਨੂੰ ਜੀਵਿਕਾ ਕਮਾਉਣ ਲਈ ਕਿਸੇ ਮਿਹਨਤ ਮੁਸ਼ੱਕਤ ਦੀ ਲੋੜ ਨਹੀਂ ਸੀ | ਬਸ ਉਸ ਦਾ ਇਕੋ ਇਕ ਕੰਮ ਸੀ ਆਪਣੇ ਪਤੀ ਨੂੰ ਖੁਸ਼ ਕਰਨਾ ਜੋ ਬਹੁਤ ਸਾਰੇ ਅਹਿਲਕਾਰਾਂ ਅਤੇ ਨੌਕਰਾਂ-ਚਾਕਰਾਂ ਦਰਮਿਆਨ ਹੁੰਦਾ ਹੋਇਆ ਵੀ ਆਪਣੇ ਆਪ ਨੂੰ ਇੱਕਲਾ ਮਹੀਸੂਸ ਕਰਦਾ ਸੀ | ਸੁੰਦਰੀ ਦੀ ਮਾਂ ਅਤੇ ਭਰਾ ਨੇ ਵੀ ਸਰਕਸ ਦੀ ਨੌਕਰੀ ਛੱਡ ਦਿੱਤੀ ਤੇ ਰਾਜ ਮਹਿਲ ਵਿਚ ਰਹਿਣ ਲਗ ਪਏ | ਸੁੰਦਰੀ ਦੇ ਭਰਾ ਨੂੰ ਮਹਾਰਾਜੇ ਨੇ ਆਪਣਾ



**ਸੁਭਾਸ਼ ਭਾਸਕਰ**
ਸਕੱਤਰ, ਚੰਡੀਗੜ੍ਹ ਸਾਹਿਤ ਅਕਾਦਮੀ, ਸਾਹਿਤਕਾਰ ਅਤੇ ਅਨੁਵਾਦਕ

ਨਿੱਜੀ ਸਕੱਤਰ ਨਿਯੁਕਤ ਕਰ ਲਿਆ |

ਰਾਜਾ ਹੁਣ ਕਾਫੀ ਸੂਝਵਾਨ ਹੁੰਦਾ ਜਾ ਰਿਹਾ ਸੀ ਤੇ ਉਸ ਦੀ ਰਾਜਨੀਤਕ ਤਾਕਤ ਵਿਚ ਵੀ ਵਾਧਾ ਹੋ ਰਿਹਾ ਸੀ | ਛੇਤੀ ਹੀ ਉਸ ਨੂੰ ਬਰਤਾਨਵੀ ਰਾਜ ਵਜੋਂ ਉਚੇਰੀ ਪੱਦਵੀ ਮਿਲੀ | ਦਿੱਲੀ ਵਿਚ ਹੋਏ ਤਾਜਪੋਸ਼ੀ ਦਰਬਾਰ ਵਿਚ ਮਹਾਰਾਜਾ ਨੂੰ ਪੁਸ਼ਤੈਨੀ ਪੱਦਵੀ ਨਾਲ ਸਨਮਾਨਿਤ ਕੀਤਾ ਗਿਆ | ਹੁਣ ਉਸ ਵੱਖ - ਵੱਖ ਖੇਤਰਾਂ ਵਿਚ ਪ੍ਰਗਤੀ ਦੀ ਰਫ਼ਤਾਰ ਵਧਾ ਦਿੱਤੀ ਸੀ | ਹਸਮੁਖ ਤੇ ਉਦਾਰਚਿਤ ਸੁੰਦਰੀ ਹੁਣ ਮਹਾਰਾਣੀ ਬਣ ਚੁੱਕੀ ਸੀ ਜਿਸ ਦਾ ਮਹਾਰਾਜਾ ਤੇ ਕਾਫੀ ਪ੍ਰਭਾਵ ਸੀ ਪ੍ਰੰਤੂ ਉਸ ਦਾ ਆਚਰਣ ਵੀ ਸ਼ੱਕ ਦੇ ਦਾਇਰੇ ਤੋਂ ਬਾਹਰ ਨਹੀਂ ਸੀ| ਮਹਿਲਾਂ ਦੇ ਗੁਪਤ ਪ੍ਰੇਮ ਸਬੰਧਾਂ, ਦਰਬਾਰੀ ਸਾਜਿਸ਼ਾਂ ਅਤੇ ਸ਼ਤਰੰਜੀ ਚਾਲਾਂ ਨਾਲੋਂ -ਨਾਲ ਚਲਦੀਆਂ ਰਹਿੰਦੀਆਂ ਨੇ ਜਿਨ੍ਹਾਂ ਤੋਂ ਰਾਣੀ ਵੀ ਬਚ ਨਾ ਸਕੀ | ਉਸ ਦੇ ਵਿਰੋਧੀਆਂ ਨੇ ਮਹਾਰਾਜੇ ਦੇ ਕੰਨਾਂ ਤੱਕ ਇਹ ਖ਼ਬਰ ਪੁਚਾ ਦਿੱਤੀ ਕਿ ਸ਼ਾਹੀ ਵਿਆਹ ਤੋਂ ਪਹਿਲਾਂ ਵੀ ਉਹ ਇੱਕ ਬੱਚੇ ਨੂੰ ਜਨਮ ਦੇ ਚੁੱਕੀ ਸੀ | ਇਸ ਖ਼ਬਰ ਨਾਲ ਰਾਜੇ ਦੇ ਦਿਲ ਨੂੰ ਡੂੰਘਾ ਸਦਮਾ ਪਹੁੰਚਿਆ, ਉਹ ਚੁੱਪ ਚਾਪ ਸਹਿਣ ਤਾ ਕਰ ਗਿਆ ਪਰ ਮੁੜ ਤੋਂ ਉਦਾਸ ਰਹਿਣ ਲੱਗਿਆ |

ਹੁਣ ਉਸ ਪਹਾੜਾਂ ਦੀ ਸੈਰ ਲਈ ਕਮਾਉਂ ਖੇਤਰ ਦੀਆਂ ਪਹਾੜੀਆਂ ਦਾ ਰੁੱਖ ਕੀਤਾ ਜਿੱਥੇ ਉਸ ਦੀ ਮੁਲਾਕਾਤ ਕਮਾਉਂ ਦੀ ਇੱਕ ਖੂਬਸੂਰਤ ਮੁਟਿਆਰ ਨਾਲ ਹੋਈ| ਇਸ ਨਿਮਰ ਸੁਭਾਅ ਵਾਲੀ ਕੁੜੀ ਨੇ ਰਾਜੇ ਦੇ ਗਮਗੀਨ ਦਿਲ ਨੂੰ ਸਕੂਨ ਦਿੱਤਾ | ਸੁੰਦਰਤਾ ਦੀਆਂ ਵਾਦੀਆਂ ' ਚੋਂ ਮਿਲੀ ਇਸ ਖੂਬਸੂਰਤ ਮੁਟਿਆਰ ਨੂੰ ਰਾਜਾ ਹਮੇਸ਼ਾ ਲਈ ਆਪਣੇ ਨਾਲ ਰੱਖਣਾ ਚਾਹੁੰਦਾ ਸੀ ਪਰੰਤੂ ਸੁੰਦਰੀ ਨਾਲ ਹੋਏ ਇਕਰਾਰਨਾਮੇ ਮੁਤਾਬਿਕ ਮਹਾਰਾਜਾ ਉਸ ਦੇ ਜਿੰਦਾ ਰਹਿੰਦਿਆ ਦੂਜਾ ਵਿਆਹ ਨਹੀਂ ਸੀ ਕਰਵਾ ਸਕਦਾ | ਪਰ ਜੋਸ਼ ਅੱਗੇ ਕਿਸੇ ਦਾ ਜ਼ੋਰ ਨਹੀਂ ਚੱਲਦਾ | ਆਖਿਰਕਾਰ ਸੁੰਦਰੀ ਦੀ ਸਹਿਮਤੀ ਨਾਲ ਇਕਰਾਰਨਾਮੇ ਨੂੰ ਬਦਲ ਦਿੱਤਾ ਗਿਆ ਅਤੇ ਕਾਹਲੀ ਨਾਲ ਅੱਧੀ ਰਾਤ ਵੇਲੇ ਕਿਲੇ ਦੇ ਦੀਵਾਨਖ਼ਾਨੇ ਵਿਚ ਉਸ ਕਮਾਉਂ ਦੀ ਕੁੜੀ ਨਾਲ ਰਾਜੇ ਦੇ ਵਿਆਹ ਦੀਆਂ ਰਸਮਾਂ ਪੂਰੀਆਂ ਹੋ ਗਈਆਂ ਪਰ ਉਸ ਤੋਂ ਬਾਦ ਮਹਾਰਾਜਾ ਤੇ ਸੁੰਦਰੀ ਵਿਚਕਾਰ ਫਾਸਲਾ ਲਗਾਤਾਰ ਵਧਦਾ ਚਲਿਆ ਗਿਆ | ਮਹਾਰਾਜੇ ਦਾ ਝੁਕਾਅ ਹੁਣ ਛੋਟੀ ਮਹਾਰਾਣੀ ਵੱਲ ਜਿਆਦਾ ਰਹਿਣ ਲੱਗਿਆ | ਉਸ ਸਮੇਂ ਦੌਰਾਨ ਉਸ ਨੇ ਦੋ ਰਾਜਕੁਮਾਰੀਆਂ ਤੇ ਇਕ ਰਾਜਕੁਮਾਰ ਨੂੰ ਜਨਮ ਦਿੱਤਾ |

ਦਿਨ ਖੁਸ਼ਗਵਾਰ ਲੰਘ ਰਹੇ ਸਨ | ਉਸ ਸਮੇਂ ਇਕ ਵਿਦੇਸ਼ੀ ਦੌਰੇ ਤੇ ਇੰਗਲੈਂਡ ਜਾਣ ਦਾ ਸਬੱਬ ਬਣਿਆ ਤਾਂ ਮਹਾਰਾਜਾ ਦੋਵੇਂ ਮਹਾਰਾਣੀਆਂ ਨੂੰ ਬੱਚਿਆਂ ਸਮੇਤ ਨਾਲ ਲੈ ਗਿਆ | ਉੱਥੇ ਅਚੰਭਿਤ ਕਰ ਦੇਣ ਵਾਲੀ ਇਕ ਮਹੱਤਵਪੂਰਨ ਘਟਨਾ ਵਾਪਰੀ | ਕੁਝ ਮਹਿਮਾਨ ਜੋ ਮਹਾਰਾਜੇ ਨੂੰ ਮਿਲਣ ਆਏ ਹੋਏ ਸਨ, ਨੇ ਸੁੰਦਰੀ ਕੋਲੋਂ ਦੂਸਰੀ ਮਹਾਰਾਣੀ ਬਾਬਤ ਪੁੱਛਿਆ ਤਾਂ ਉਹ ਬੋਲੀ ਕਿ " ਉਹ ਤਾਂ ਰਖੈਲ ਹੈ |" ਇਹ ਗੱਲ ਮਹਾਰਾਜੇ ਦੇ ਕੰਨਾਂ ਤੀਕਰ ਵੀ ਪਹੁੰਚ ਗਈ | ਮਹਾਰਾਜਾ ਗੁੱਸੇ ਵਿਚ ਆ ਗਿਆ | ਦੋਵਾਂ ਦਰਮਿਆਨ ਬਹੁਤ ਤਲਖ਼ -ਕਲਾਮੀ ਹੋਈ ਜਿਸ ਦੇ ਨਤੀਜੇ ਵਜੋਂ ਉਹ ਇਕ ਦੂਜੇ ਤੋਂ ਜੁਦਾ ਹੋ ਗਏ | ਇਹ ਜੁਦਾਈ ਹਮੇਸ਼ਾ ਲਈ ਸੀ | ਸੁੰਦਰੀ ਇੰਗਲੈਂਡ ਵਿਚ ਹੀ ਰਹਿ ਗਈ | ਅੱਧੀ ਸਦੀ ਤੱਕ ਮਹਾਰਾਣੀ ਦਾ ਦਰਜਾ ਹੰਢਾਉਣ ਵਾਲੀ ਉਹ ਜਾਂਬਾਜ ਸੁੰਦਰੀ ਜਿੰਨਾ ਚਿਰ ਜਿਓਂਦੀ ਰਹੀ, ਪ੍ਰਿਵੀ ਪਰਸ ਦੇ ਰੂਪ ਵਿਚ ਇਕ ਮੋਟੀ ਰਕਮ ਇੰਗਲੈਂਡ ਦੇ ਇਕ ਬੈਂਕ ਰਾਹੀਂ ਲਗਾਤਾਰ ਉਸ ਨੂੰ ਮਿਲਦੀ ਰਹੀ | ਮਹਾਰਾਜੇ ਦੀ ਬਾਅਦ ਵਿਚ ਮੌਤ ਹੋ ਗਈ ਤੇ ਰਿਆਸਤਾਂ ਖਤਮ ਹੋ ਗਈਆਂ |



# ਡਾ. ਦਲੀਪ ਕੌਰ ਟਿਵਾਣਾ

# ਮੇਰੀ ਨਜ਼ਰ ਵਿੱਚ



ਸਕੂਲ ਵਿੱਚ ਇਕ ਕਹਾਣੀ ਪੜ੍ਹੀ ਸੀ 'ਬਸ ਕੰਡਕਟਰ' ਜਿਸ ਵਿੱਚ ਮੱਨੁਖੀ ਰਿਸ਼ਤਿਆਂ ਦਾ ਵਰਨਣ ਬਹੁਤ ਹੀ ਭਾਵਨਾਤਕ ਅਤੇ ਮਨੋਵਿਗਿਆਨਕ ਢੰਗ ਨਾਲ ਕੀਤਾ ਗਿਆ ਸੀ। ਪੰਜਾਬੀ ਦੀ ਮਸ਼ਹੂਰ ਲੇਖਿਕਾ ਦਲੀਪ ਕੌਰ ਟਿਵਾਣਾ ਦੀ ਇਸ ਕਹਾਣੀ ਨੇ ਬਚਪਨ ਦੇ ਅਨਭੋਲ ਜ਼ਹਿਨ ਉਤੇ ਬੜਾ ਡੂੰਘਾ ਅਸਰ ਪਾਇਆ। ਮਨ ਹੀ ਮਨ ਮੈਂ ਲੇਖਿਕਾ ਦੀ ਸ਼ਖ਼ਸੀਅਤ ਬਾਰੇ ਕਿਆਸ ਲਗਾਉਣੇ ਸ਼ੁਰੂ ਕਰ ਦਿੱਤੇ। ਵੈਸੇ ਬਚਪਨ ਵਿੱਚ ਹਰ ਮਸ਼ਹੂਰ ਵਿਅਕਤੀ ਦਾ ਬਿੰਬ ਬਹੁਤ ਰੋਬਦਾਰ ਅਤੇ ਦਬਦਬੇ ਵਾਲਾ ਹੁੰਦਾ ਹੈ ਅਤੇ ਕੁਝ ਐਸਾ ਹੀ ਇਕ ਧੁੰਧਲਾ ਜਿਹਾ ਅਕਸ ਦਲੀਪ ਕੌਰ ਟਿਵਾਣਾ ਬਾਰੇ ਮਨ ਵਿੱਚ ਉਕਰਨ ਲੱਗਾ। ਇਹ ਮੇਰੀ ਖੁਸ਼ਕਿਸਮਤੀ ਹੈ ਕਿ ਮੈਨੂੰ ਆਪਣੀ ਮਨਪਸੰਦ ਲੇਖਿਕਾ ਨੂੰ ਮਿਲਣ ਦਾ, ਅਤੇ ਉਸ ਨੂੰ ਨੇੜਿਓਂ ਜਾਨਣ ਦਾ ਮੌਕਾ ਮਿਲਿਆ।

ਅੱਜ ਡਾ. ਦਲੀਪ ਕੌਰ ਟਿਵਾਣਾ ਕਿਸੇ ਜਾਣ - ਪਹਿਚਾਣ ਦੀ ਮੋਹਤਾਜ ਨਹੀਂ ਹੈ। ਉਹ ਪੰਜਾਬੀ ਗਲਪ ਦੇ ਖੇਤਰ ਵਿੱਚ ਵਿਸ਼ਵ ਭਰ ਵਿੱਚ ਇਕ ਮੰਨਿਆਂ - ਪਰਮੰਨਿਆਂ ਹਸਤਾਖਰ ਹੈ, ਜਿਨ੍ਹਾਂ ਦਾ ਸ਼ੁਮਾਰ ਪੰਜਾਬੀ ਸਾਹਿਤ ਦੇ ਮੁੱਢ ਕਹਾਏ ਜਾਣ ਵਾਲੇ ਲੇਖਕਾਂ ਵਿੱਚ ਹੁੰਦਾ ਹੈ। ਆਪਣੇ ਲੇਖਣ ਜੀਵਨ ਦੇ ਸ਼ੁਰੂਆਤੀ ਸਾਲਾਂ ਵਿੱਚ ਹੀ ਦਲੀਪ ਕੌਰ ਟਿਵਾਣਾ ਨੇ ਪੰਜਾਬੀ ਇਸਤਰੀ ਸਾਹਿਤ ਜਗਤ ਦੇ ਚਾਰ ਥੰਮਾਂ ਵਿੱਚ ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਅਤੇ ਅਜੀਤ ਕੌਰ ਦੇ ਨਾਲ ਆਪਣਾ ਨਾਮ ਦਰਜ ਕਰਵਾ ਲਿਆ।

ਦਲੀਪ ਕੌਰ ਟਿਵਾਣਾ ਦਾ ਜਨਮ 4 ਮਈ 1935 ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰੱਬੋ ਵਿੱਚ ਇਕ ਅਮੀਰ ਜ਼ਿਮੀਦਾਰੀ ਘਰਾਣੇ ਵਿੱਚ ਹੋਇਆ ਅਤੇ ਇਨ੍ਹਾਂ ਦੀ ਮੁਢਲੀ ਸਿਖਿਆ ਪਟਿਆਲਾ ਵਿਖੇ ਹੋਈ ਅਤੇ ਉੱਚ ਸਿਖਿਆ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਪੂਰੀ ਕੀਤੀ।

ਦਲੀਪ ਕੌਰ ਟਿਵਾਣਾ ਦੀ ਸਮਕਾਲੀ ਪੰਜਾਬੀ ਸਾਹਿਤ ਵਿੱਚ ਦੇਣ ਇਕ ਨਾਵਲਕਾਰ ਅਤੇ ਕਹਾਣੀਕਾਰ ਵਜੋਂ ਹੈ। ਇਨ੍ਹਾਂ ਨੇ ਆਪਣੇ ਸਾਹਿਤਕ ਜੀਵਨ ਦੀ ਸ਼ੁਰੂਆਤ ਕਹਾਣੀਆਂ ਦੀ ਕਿਤਾਬ ਸਾਧਨਾ ਨਾਲ ਕੀਤੀ, ਅਤੇ ਸੱਤ ਕਹਾਣੀ ਸੰਗ੍ਰਹਿ ਛਪਵਾਉਣ ਤੋਂ ਬਾਦ ਹੀ ਨਾਵਲ ਲਿਖਣ ਵੱਲ ਰੁੱਖ ਕੀਤਾ। ਅਗਲੇ ਸੱਤ ਦਹਾਕਿਆਂ ਵਿੱਚ ਰਚਨਾਤਮਕ ਲੇਖਨ ਅਤੇ ਆਲੋਚਨਾ ਸਮੇਤ ਗਲਪ ਦੀਆਂ 60 ਦੇ ਕਰੀਬ ਕਿਤਾਬਾਂ ਲਿਖੀਆਂ ਜਿਨ੍ਹਾਂ ਵਿੱਚ 33 ਨਾਵਲ, 21 ਕਹਾਣੀ ਸੰਗ੍ਰਹਿ, 3 ਸਵੈ-ਜੀਵਨੀਆਂ ਅਤੇ ਕੁਝ ਨਿਬੰਧ ਸ਼ਾਮਿਲ ਹਨ। ਜਿਨ੍ਹਾਂ ਵਿਚੋਂ 'ਰਿਣ ਪਿਤਰਾਂ ਦਾ' 'ਇਹੋ ਹਮਾਰਾ ਜੀਵਣਾ' 'ਅਗਨੀ ਪ੍ਰੀਖਿਆ' 'ਵਾਟ ਹਮਾਰੀ' 'ਤੀਲੀ ਦਾ ਨਿਸ਼ਾਨ' 'ਪੈੜਚਾਲ' 'ਕਥਾ ਕਹੋ ਉਰਵਸ਼ੀ' 'ਸੂਰਜ ਤੇ ਸਮੰਦਰ' 'ਲੰਘ ਗਏ ਦਰਿਆ' 'ਤੀਨ ਲੋਕ ਸੇ ਨਿਆਰੀ' ਨਾਵਲ, ਅਤੇ ਸਵੈ-ਜੀਵਨੀ 'ਨੰਗੇ ਪੈਰਾਂ ਦਾ ਸਫ਼ਰ' ਪ੍ਰਮੁੱਖ ਹਨ।

ਸ੍ਰਿਜਣਾਤਮਿਕ ਸੂਝ-ਬੂਝ ਦੀ ਵਜ੍ਹਾ ਕਰਕੇ ਆਪਣੀ ਹਰ ਰਚਨਾ ਦੇ ਨਾਲ ਦਲੀਪ ਕੌਰ ਟਿਵਾਣਾ ਸਾਹਿਤ ਜਗਤ ਵਿੱਚ ਆਪਣੀ ਪਹਿਚਾਣ ਮਜਬੂਤ ਕਰਦੇ ਗਏ। 1968 ਵਿੱਚ ਇਨ੍ਹਾਂ ਦਾ ਦੂਜਾ ਨਾਵਲ 'ਇਹੋ ਹਮਾਰਾ ਜੀਵਣਾ' ਛਪਿਆ, ਜਿਸ ਵਿੱਚ ਪੇਂਡੂ ਪੰਜਾਬ ਵਿੱਚ ਔਰਤਾਂ ਦੇ ਸ਼ੋਸ਼ਣ ਅਤੇ ਦਮਨ ਦੀ ਕਹਾਣੀ ਬਿਆਨ ਕੀਤੀ ਗਈ ਹੈ, ਅਤੇ ਇਸ ਨਾਵਲ ਨੇ ਦਲੀਪ ਕੌਰ ਟਿਵਾਣਾ ਨੂੰ ਗਲਪ ਲੇਖਕਾਂ ਵਿੱਚ ਸੱਭ ਤੋਂ ਅੱਗੇ ਲਿਆ ਖੜ੍ਹਾ ਕਰ ਦਿੱਤਾ।

ਭਾਵੇਂ ਦਲੀਪ ਕੌਰ ਟਿਵਾਣਾ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਪਟਿਆਲਾ ਅਤੇ ਚੰਡੀਗੜ੍ਹ ਵਰਗੇ ਵੱਡੇ ਸ਼ਹਿਰਾਂ ਵਿੱਚ ਬਿਤਾਇਆ, ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪ੍ਰੋਫੈਸਰ ਵੀ ਰਹੀ, ਪਰ ਫੇਰ ਵੀ ਉਹ ਹਮੇਸ਼ਾਂ ਹੀ ਭਾਵਨਾਤਮਕ ਅਤੇ ਸਭਿਆਚਾਰਕ ਤੌਰ ਤੇ ਆਪਣੇ ਪੇਂਡੂ ਵਿਰਸੇ, ਆਪਣੀ ਮਿੱਟੀ ਨਾਲ ਜੁੜੀ ਰਹੀ, ਜਿਸਦੀ ਨਿਮ੍ਹੀਂ-ਨਿਮ੍ਹੀਂ ਖੁਸ਼ਬੋ ਉਨ੍ਹਾਂ ਦੀਆਂ ਕਹਾਣੀਆਂ ਚੋਂ ਆਉਂਦੀ ਹੈ। ਜਮੀਂਦਾਰੀ ਪਿਛੋਕੜ ਹੋਣ ਵਜੋਂ ਪਿੰਡਾਂ ਦੇ ਨਿਚਲੇ ਤਬਕੇ ਦੇ ਲੋਕਾਂ ਦੀਆਂ ਤਕਲੀਫ਼ਾਂ, ਭੁੱਖ, ਗਰੀਬੀ, ਅਤੇ ਜ਼ਿਮੀਂਦਾਰਾਂ ਵਲੋਂ ਕੀਤੇ ਜਾਣ ਵਾਲੇ ਸ਼ੋਸ਼ਣ ਅਤੇ ਤਸ਼ੱਦਦ ਨੂੰ ਉਨ੍ਹਾਂ ਨੇ ਨਜ਼ਦੀਕ ਤੋਂ ਵੇਖਿਆ ਸੀ, ਜਿਸਦਾ ਵਰਨਣ ਉਨ੍ਹਾਂ ਦੀ ਲੇਖਣੀ ਵਿੱਚ ਆਮ ਮਿਲਦਾ ਹੈ।

ਟਿਵਾਣਾ ਨੂੰ ਪੰਜਾਬ ਦੇ ਜਾਗੀਰਦਾਰੀ ਜੀਵਨ ਦੀ ਡੂੰਘੀ ਸਮਝ ਸੀ ਅਤੇ ਪੇਂਡੂ ਮੁਹਾਵਰੇ ਤੇ ਪਕੜ ਬੜੀ ਮਜ਼ਬੂਤ ਸੀ। ਆਪਣੀਆਂ ਲਿਖਤਾਂ ਵਿੱਚ ਉਹ ਪਿੰਡਾਂ ਦੇ ਪਿਛੜੇ, ਜ਼ਿਮੀਂਦਾਰਾਂ ਵਲੋਂ ਸ਼ੋਸ਼ਣ ਦਾ ਸ਼ਿਕਾਰ ਹੋਏ ਹੇਠਲੇ ਤਬਕੇ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦੀ ਰਹੀ। ਸਿਰਫ ਇਹ ਹੀ ਨਹੀਂ, ਇਕ ਨਾਰੀਵਾਦੀ ਲੇਖਿਕਾ ਵਜੋਂ ਉਨ੍ਹਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਉਸ ਵੇਲੇ, ਜਦੋਂ ਕਿ ਵਿਸ਼ਵ ਭਰ ਵਿੱਚ, ਖਾਸ ਕਰਕੇ ਪੱਛਮੀ ਦੇਸ਼ਾਂ ਵਿੱਚ, ਸ਼ਹਿਰੀ ਔਰਤ ਦੀਆਂ ਸਮਸਿਆਵਾਂ ਨੂੰ ਲੈਕੇ ਇਕ ਵਿਸ਼ਵ-ਵਿਆਪੀ ਕ੍ਰਾਂਤੀ ਜ਼ੋਰਾਂ ਤੇ ਸੀ, ਦਲੀਪ ਕੌਰ ਟਿਵਾਣਾ ਨੇ ਪੇਂਡੂ ਔਰਤਾਂ, ਉਨ੍ਹਾਂ ਦੇ ਦੁੱਖ-ਦਰਦ ਅਤੇ ਇਕ ਪੁਰਸ਼-ਪ੍ਰਧਾਨ ਸਮਾਜ ਵਿੱਚ ਉਨ੍ਹਾਂ ਨੂੰ ਪੇਸ਼ ਆਉਣ ਵਾਲੀਆਂ

ਮੁਸ਼ਕਲਾਂ ਤੋਂ ਕਦੇ ਵੀ ਮੁੱਖ ਨਹੀਂ ਮੋੜਿਆ। ਉਨ੍ਹਾਂ ਦੇ ਨਾਵਲ ਇਸ ਗੱਲ ਦੀ ਗਵਾਹੀ ਦੇਂਦੇ ਹਨ ਕਿ ਉਨ੍ਹਾਂ ਵਿੱਚ ਇਸਤਰੀ ਦੀ ਮਾਨਸਿਕ, ਸਰੀਰਿਕ, ਜ਼ਿਹਨੀ ਅਤੇ ਸਭਿਆਚਾਰਕ ਸਥਿਤੀ ਨੂੰ ਬੜੀ ਡੂੰਘਾਈ ਨਾਲ ਸਮਝਣ ਦੀ ਸਮਰਥਾ ਸੀ। ਉਨ੍ਹਾਂ ਦੀ ਸਵੈ-ਜੀਵਨੀ 'ਨੰਗੇ ਪੈਰਾਂ ਦਾ ਸਫ਼ਰ' ਇਕ ਔਰਤ ਦੇ ਸੰਵੇਦਨਸ਼ੀਲ ਸੰਘਰਸ਼ ਦੀ ਦਾਸਤਾਨ ਹੈ, ਜਦਕਿ ਨਾਵਲ 'ਇਹੋ ਹਮਾਰਾ ਜੀਵਣਾ' ਨਾਰੀਵਾਦੀ ਸੰਵਾਦ ਵਿੱਚ ਇਕ ਵਿੱਲਖਣ ਸਥਾਨ ਰੱਖਦਾ ਹੈ, ਅਤੇ ਇਸ ਦੀ ਮੁੱਖ ਪਾਤਰ ਭਾਨੋ ਪੰਜਾਬੀ ਸਾਹਿਤ ਦੀ ਇਕ ਦੁਖਦਾਈ, ਪਰ ਯਾਦਗਾਰ ਨਾਇਕਾ ਹੈ। ਆਪਣੇ ਇਸ ਦੂਜੇ ਹੀ ਨਾਵਲ ਲਈ ਦਲੀਪ ਕੌਰ ਟਿਵਾਣਾ ਨੂੰ 1972 ਵਿੱਚ ਸਾਹਿਤ ਅਕਾਦਮੀ ਅਵਾਰਡ ਮਿਲਿਆ।

ਪਰ 'ਕਥਾ ਕਹੋ ਉਰਵਸ਼ੀ' ਉਨ੍ਹਾਂ ਦੀ ਸੱਭ ਤੋਂ ਮਹਾਨ ਰਚਨਾ ਹੈ। ਇਹ ਨਾਵਲ ਮਨੁੱਖੀ ਰਿਸ਼ਤਿਆਂ ਦੇ ਬਦਲਦੇ ਸਰੂਪ, ਪਰਵਾਰਿਕ ਮਤਭੇਦ ਅਤੇ ਬੇਮੇਲਤਾ ਦਾ ਬੱਚਿਆਂ ਦੇ ਜ਼ਹਿਨ ਤੇ ਪੈਣ ਵਾਲੇ ਅਸਰ ਬਾਰੇ ਇਕ ਦੁਖਦਾਈ ਕਹਾਣੀ ਹੈ। ਦਲੀਪ ਕੌਰ ਟਿਵਾਣਾ ਨੇ ਆਪਣੀ ਸਾਹਿਤਕ ਸੂਖਮਤਾ ਨਾਲ ਨਿਜੀ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਇਕ ਵਿਸ਼ਵ-ਵਿਆਪੀ ਗਾਥਾ ਬਣਾ ਕੇ ਪੇਸ਼ ਕੀਤਾ ਹੈ। ਆਪਣੀ ਇਸ ਮਹਾਨ ਰਚਨਾ ਲਈ ਉਨ੍ਹਾਂ ਨੂੰ ਸਰਸਵਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।




ਸਾਹਿਤ ਅਕਾਦਮੀ, ਅਤੇ ਸਰਸਵਤੀ ਪੁਰਕਾਰ ਤੋਂ ਇਲਾਵਾ ਦਲੀਪ ਕੌਰ ਟਿਵਾਣਾ ਨੂੰ 20 ਤੋਂ ਵੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੁਰਸਕਾਰ ਮਿਲੇ ਜਿਨ੍ਹਾਂ ਵਿੱਚ ਸ਼੍ਰੋਮਣੀ ਸਾਹਿਤਕਾਰ ਅਵਾਰਡ, ਪੰਜਾਬ ਸਾਹਿਤ ਰਤਨ ਅਵਾਰਡ. ਪੰਜਾਬੀ ਅਕਾਦਮੀ ਵਲੋਂ ਦਹਾਕੇ ਦਾ ਨਾਵਲਕਾਰ ਅਵਾਰਡ, ਅਮੈਰੀਕਨ ਬਿਓਗ੍ਰਾਫਿਕਲ ਇੰਸਟੀਟਿਊਟ ਵਲੋਂ 'ਵੂਮਨ ਆਫ ਦ ਈਅਰ' ਅਵਾਰਡ ਸ਼ਾਮਿਲ ਹਨ।

ਸੰਨ 2004 ਵਿੱਚ ਦਲੀਪ ਕੌਰ ਟਿਵਾਣਾ ਨੂੰ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਜੋ ਕਿ ਇਨ੍ਹਾਂ ਨੇ 2015 ਵਿੱਚ ਉਸ ਸਮੇਂ ਦੇਸ਼ ਵਿੱਚ ਵੱਧ ਰਹੀ ਅਸਹਿਣਸ਼ੀਲਤਾ ਦੇ ਖਿਲਾਫ ਰੋਸ ਵਜੋਂ ਵਾਪਸ ਕਰ ਦਿੱਤਾ।

ਦਲੀਪ ਕੌਰ ਟਿਵਾਣਾ ਨੇ 1963 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਵਿੱਚ ਬਤੌਰ ਲੈਕਚਰਾਰ ਪੜ੍ਹਾਉਣਾ ਸ਼ੁਰੂ ਕੀਤਾ ਅਤੇ ਪ੍ਰੋਫੈਸਰ, ਮੁੱਖੀ ਪੰਜਾਬੀ ਵਿਭਾਗ, ਡੀਨ ਭਾਸ਼ਾਵਾਂ ਦੇ ਓਹਦਿਆਂ ਤੇ ਕੰਮ ਕਰਨ ਉਪਰੰਤ ਰਿਟਾਇਰ ਹੋਏ ਅਤੇ ਇਸ ਤੋਂ ਬਾਅਦ ਬਹੁਤ ਸਾਲ ਲਾਈਫ ਫੈਲੋਸ਼ਿਪ ਤੇ ਰਹੇ।

ਅਤੇ 31 ਜਨਵਰੀ 2020 ਨੂੰ ਦਲੀਪ ਕੌਰ ਟਿਵਾਣਾ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ।

1980 ਦੇ ਦਹਾਕੇ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੈਂਪਸ ਵਿੱਚ ਰਿਹਾਇਸ਼ ਦੇ ਦੌਰਾਨ ਮੈਨੂੰ ਦਲੀਪ ਕੌਰ ਟਿਵਾਣਾ ਨੂੰ ਮਿਲਣ ਦਾ ਮੌਕਾ ਮਿਲਿਆ। ਇਕ ਹੀ ਪਲ ਵਿੱਚ ਉਹ ਬਚਪਨ ਦੀ ਦਬਦਬੇ ਵਾਲੀ ਤਸਵੀਰ ਪਿਘਲ ਕੇ ਇਕ ਬਹੁਤ ਹੀ ਸਾਦਾ, ਮਿੱਠ-ਬੋਲੜੇ ਅਤੇ ਮਿਲਣਸਾਰ ਵਿਅਕਤਿਤਵ ਵਿੱਚ ਤਬਦੀਲ ਹੋ ਗਈ। ਮੈਂ ਡਾ. ਟਿਵਾਣਾ ਨੂੰ ਬਹੁਤ ਵਾਰੀ ਸਟੇਜ ਤੇ ਬੋਲਦਿਆਂ ਸੁਣਿਆ। ਇਨ੍ਹੀਂ ਪ੍ਰਸਿੱਧੀ, ਮਨ-ਸਨਮਾਨ ਅਤੇ ਪ੍ਰਸ਼ੰਸਾ ਪਾਉਣ ਦੇ ਬਾਵਜੂਦ ਵੀ ਉਨ੍ਹਾਂ ਦੀ ਨਿਮਰਤਾ, ਅਤੇ ਬੜੇ ਸਹਿਜ ਢੰਗ ਨਾਲ ਮਜ਼ਾਕ ਕਰ ਜਾਣ ਦੀ ਕਲਾ ਬੇਮਿਸਾਲ ਸੀ। ਹਮੇਸ਼ਾਂ ਸਾਦਾ ਸਲਵਾਰ-ਕਮੀਜ਼ ਪਾਉਣ ਵਾਲੀ, ਅਤੇ ਬਹੁਤ ਸਮਾਂ ਸਿਰ ਨੂੰ ਚੁੰਨੀ ਨਾਲ ਢੱਕ ਕੇ ਰੱਖਣ ਵਾਲੀ ਦਲੀਪ ਕੌਰ ਟਿਵਾਣਾ ਨੂੰ ਵੇਖ ਕੇ ਕੋਈ ਇਹ ਨਹੀਂ ਸੀ ਕਹਿ ਸਕਦਾ ਕਿ ਇਹ ਔਰਤ ਸਾਹਿਤ ਦਾ ਚਲਦਾ-ਫਿਰਦਾ ਖਜ਼ਾਨਾ ਹੈ।


ਅੰਗਰੇਜ਼ੀ ਸਾਹਿਤ ਦੀ ਵਿਦਿਆਰਥਣ/ ਅਧਿਆਪਕਾ ਹੋਣ ਕਾਰਨ ਮੇਰਾ ਰੁਝਾਨ ਹਿੰਦੀ ਅਤੇ ਪੰਜਾਬੀ ਸਾਹਿਤ ਵਿੱਚ ਵੀ ਬਹੁਤ ਰਿਹਾ ਹੈ। ਇਕ ਵੇਲੇ ਮੈਂ ਪੰਜਾਬੀ ਤੋਂ ਅੰਗਰੇਜ਼ੀ ਵਿੱਚ ਅਨੁਵਾਦ ਕਰਨ ਦੀ ਸਲਾਹ ਬਣਾਈ ਅਤੇ ਡਾ. ਟਿਵਾਣਾ ਨਾਲ ਇਸ ਬਾਰੇ ਗੱਲ ਕੀਤੀ। ਉਨ੍ਹਾਂ ਨੇ ਬਿਨਾਂ ਦੇਰ ਕੀਤਿਆਂ ਮੈਨੂੰ ਆਪਣਾ ਇਕ ਛੋਟਾ ਨਾਵਲ (novella) 'ਐਰ ਵੈਰ ਮਿਲਦਿਆਂ' ਦਿੱਤਾ ਅਤੇ ਉਸ ਤੇ ਹੱਥ ਅਜ਼ਮਾਉਣ ਲਈ ਕਿਹਾ। ਇਹ ਮੇਰੇ ਲਈ ਅਨੁਵਾਦ ਦੇ ਖੇਤਰ ਵਿੱਚ ਪਹਿਲਾ ਯਤਨ ਸੀ ਅਤੇ ਮੈਂ ਬੜੀ ਮਿਹਨਤ ਨਾਲ ਉਸ ਨਾਵਲ ਦਾ ਅਨੁਵਾਦ ਕੀਤਾ, ਜਿਸ ਦੀ ਡਾ. ਟਿਵਾਣਾ ਨੇ ਬਹੁਤ ਸ਼ਲਾਘਾ ਕੀਤੀ। ਬਾਅਦ ਵਿੱਚ ਉਨ੍ਹਾਂ ਨੇ ਖੁਦ ਉਹ ਨਾਵਲ, ਆਪਣੇ ਇਕ ਹੋਰ ਨਾਵਲ 'ਤੀਲੀ ਦਾ ਨਿਸ਼ਾਨ' ਜੋ ਇਕ ਮਸ਼ਹੂਰ ਲੇਖਕ ਅਤੇ ਅਨੁਵਾਦਕ ਜੈ ਰਤਨ ਨੇ ਅਨੁਵਾਦ ਕੀਤਾ ਸੀ ,ਦੇ ਨਾਲ ਨੈਸ਼ਨਲ ਬੁਕ ਟ੍ਰਸਟ ਨਵੀਂ ਦਿੱਲੀ ਤੋਂ 'Twilight; Mark of the Nose-Ring' ਦੇ ਨਾਮ ਨਾਲ ਛਪਵਾਇਆ। ਮੇਰੇ ਲਈ ਇਹ ਇਕ ਬਹੁਤ ਚੰਗੀ ਸ਼ੁਰੂਆਤ ਸੀ, ਅਤੇ ਫੇਰ ਜਦੋਂ ਮੈਂ ਪੰਜਾਬੀ ਲੇਖਿਕਾਵਾਂ ਦੀਆਂ ਕਹਾਣੀਆਂ ਦਾ ਅਨੁਵਾਦ ਕੀਤਾ, ਅਤੇ ਡਾ. ਟਿਵਾਣਾ ਦੀ ਕਹਾਣੀ 'ਰਬ ਤੇ ਰੁੱਤਾਂ' ਨੂੰ ਸ਼ਾਮਿਲ ਕੀਤਾ, ਓਦੋਂ ਵੀ ਉਨ੍ਹਾਂ ਨੇ ਮੇਰੀ ਬੜੀ ਹੌਂਸਲਾਫ਼ਜ਼ਾਈ ਕੀਤੀ।

ਇਸ ਤੋਂ ਬਾਅਦ ਤਾਂ ਸਾਡਾ ਰਿਸ਼ਤਾ ਨਜ਼ਦੀਕੀ ਦੋਸਤ ਵਰਗਾ ਹੋ ਗਿਆ ਅਤੇ ਉਨ੍ਹਾਂ ਨੇ ਮੈਨੂੰ ਆਪਣੀਆਂ ਤਕਰੀਬਨ ਸਾਰੀਆਂ ਹੀ ਕਿਤਾਬਾਂ ਤੋਹਫੇ ਦੇ ਤੋਰ ਤੇ ਦੇ ਦਿਤੀਆਂ ਜਿਨ੍ਹਾਂ ਨੂੰ ਮੈਂ ਅੱਜ ਵੀ ਇਕ-ਇਕ ਕਰਕੇ ਪੜ੍ਹਦੀ ਰਹਿੰਦੀ ਹਾਂ।




**ਨਰਿੰਦਰ ਜੀਤ ਕੌਰ**

ਨਰਿੰਦਰ ਜੀਤ ਕੌਰ ਪਟਿਆਲਾ ਦੀ ਰਹਿਣ ਵਾਲੀ, ਅੰਗਰੇਜ਼ੀ ਦੀ ਰਿਟਾਇਰਡ ਐਸੋਸੀਏਟ ਪ੍ਰੋਫੈਸਰ ਹੈ। ਉਹ ਇਕ ਤ੍ਰਿਭਾਸ਼ੀ ਲੇਖਿਕਾ ਅਤੇ ਅਨੁਵਾਦਕ ਹੈ, ਜੋ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਵਿਚ ਕਹਾਣੀਆਂ, ਕਵਿਤਾਵਾਂ ,ਅਤੇ ਲੇਖ ਲਿਖਣ ਲਈ ਜਾਣੀ ਜਾਂਦੀ ਹੈ। ਇਸ ਦੀਆਂ ਰਚਨਾਵਾਂ ਤਿੰਨੋਂ ਭਾਸ਼ਾਵਾਂ ਦੇ ਅਖਬਾਰਾਂ ਅਤੇ ਰਸਾਲਿਆਂ ਵਿਚ ਲਗਾਤਾਰ ਛਪਦੀਆਂ ਰਹਿੰਦੀਆਂ ਹਨ। ਇਸ ਦੀਆਂ ਹੁਣ ਤੱਕ ਕੁੱਲ ਛੇ ਕਿਤਾਬਾਂ ਛੱਪ ਚੁਕੀਆਂ ਹਨ, ਜਿਨ੍ਹਾਂ ਵਿਚੋਂ ਪੰਜ ਕਿਤਾਬਾਂ ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦ ਹਨ, ਅਤੇ ਛੇਵੀਂ ਕਿਤਾਬ ਡੌਨ ਟੂ ਡਸਕ ਅੰਗਰੇਜ਼ੀ ਦੇ ਉਨ੍ਹਾਂ 58 ਲੇਖਾਂ ਦਾ ਸੰਗ੍ਰਹਿ ਹੈ ਜੋ ਕਿ ਪ੍ਰਮੁੱਖ ਅਖਬਾਰਾਂ ਵਿਚ ਛੱਪ ਚੁਕੇ ਹਨ।



## ਬਿਰਹਾ ਦਾ ਸੁਲਤਾਨ

# ਸ਼ਿਵ ਕੁਮਾਰ ਬਟਾਲਵੀ

***ਰਾਵੀ ਪੰਧੇਰ***

ਸ਼ਿਵ ਕੁਮਾਰ ਬਟਾਲਵੀ ਪੰਜਾਬੀ ਸਾਹਿਤ ਦੇ ਪਰ੍ਸਿੱਧ ਕਵੀ ਸਨ ਜਿਨਹ੍ਾਂ ਨੂੰ ਜ਼ਿਆਦਾਤਰ ਰੋਮਾਂਟਿਕ ਕਵਿਤਾਵਾਂ ਲਈ ਜਾਣਿਆ ਜਾਂਦਾ ਹੈ। ਉਹ ਅਪਣੀ ਰੋਜ਼ਾਨਾ ਜ਼ਿੰਦਗੀ ਵਿਚੋਂ ਸ਼ਬਦਾਂ ਦੀ ਵਰਤੋਂ ਨਾਲ ਕਵਿਤਾਵਾਂ ਅਤੇ ਗਜ਼ਲਾਂ ਲਿਖਦੇ ਸਨ। ਉਹਨਾਂ ਦੀਆਂ ਜ਼ਿਆਦਾਤਰ ਕਵਿਤਾਵਾਂ ਦੁੱਖ, ਨਿੱਜੀ ਦਰਦ ਅਤੇ ਵਿਛੋੜੇ ਦੇ ਦੁਆਲੇ ਕੇਂਦਰਿਤ ਹੁੰਦੀਆਂ ਸਨ। ਸ਼ਿਵ ਕੁਮਾਰ ਨੂੰ 'ਬਿਰਹਾ ਦਾ ਕਵੀ' ਵੀ ਕਿਹਾ ਜਾਂਦਾ ਹੈ। ਉਹ ਸਭ ਤੋਂ ਘੱਟ ਉਮਰ ਵਿਚ ਸਾਹਿਤਕ ਅਕੈਡਮੀ ਐਵਾਰਡ ਹਾਸਿਲ ਕਰਨ ਵਾਲੇ ਕਵੀ ਸਨ। ਉਹਨਾਂ ਨੂੰ ਇਕ ਨਾਟਕ 'ਲੂਣਾ' ਲਿਖਣ ਇਹ ਐਵਾਰਡ ਮਿਲਿਆ ਸੀ।

ਸ਼ਿਵ ਕੁਮਾਰ ਦਾ ਜਨਮ 23 ਜੁਲਾਈ ਸੰਨ 1936 ਨੂੰ ਜੰਮੂ-ਕਸਮੀਰ ਦੀ ਹੱਦ ਨਾਲ ਲੱਗਦੇ ਸ਼ਕਰਗੜ੍ਹ ਤਹਿਸੀਲ ਦੇ ਬੜਾ ਪਿੰਡ ਲੋਹਤੀਆਂ ਵਿੱਚ ਹੋਇਆ ਸੀ। ਉਸਦੇ ਪਿਤਾ ਪੰਡਿਤ ਕਿਰ੍ਸ਼ਨ ਗੋਪਾਲ, ਮਾਲ ਮਹਿਕਮੇ ਵਿੱਚ ਪਹਿਲਾਂ ਪਟਵਾਰੀ ਰਹੇ, ਬਾਅਦ ਵਿੱਚ ਕਾਨੂੰਗੋ ਅਤੇ ਸੇਵਾ ਮੁਕਤੀ ਵੇਲੇ ਪਟਵਾਰ ਸਕੂਲ ਬਟਾਲਾ ਦੇ ਪਿਰ੍ੰਸੀਪਲ ਸਨ। ਉਸ ਦੀ ਮਾਤਾ ਸਰ੍ਰੀਮਤੀ ਸ਼ਾਂਤੀ ਦੇਵੀ ਦੀ ਆਵਾਜ ਬਹੁਤ ਸੁਰੀਲੀ ਸੀ, ਉਹੀ ਸੁਰੀਲਾਪਣ ਸ਼ਿਵ ਦੀ ਆਵਾਜ ਵਿੱਚ ਵੀ ਸੀ।

ਸ਼ਿਵ ਕੁਮਾਰ ਨੇ ਮੁੱਢਲੀ ਪੜਹ੍ਾਈ ਬੜਾ ਪਿੰਡ ਲੋਹਤੀਆਂ ਦੇ ਪਰ੍ਾਇਮਰੀ ਸਕੂਲ ਤੋਂ ਹਾਸਲ ਕੀਤੀ। ਅੱਜ ਕਲ ਇਹ ਪਿੰਡ ਪਾਕਿਸਤਾਨ



ਦੇ ਨਾਰੋਵਾਲ ਜ਼ਿਲਹ੍ਹੇ ਵਿੱਚ, ਸਿਆਲਕੋਟ ਤੋਂ 30 ਕਿਲੋਮੀਟਰ ਪੂਰਬ ਵੱਲ ਹੈ। ਮੁਲਕ ਦੀ ਵੰਡ ਤੋਂ ਪਹਿਲਾਂ ਇਹ ਗੁਰਦਾਸਪੁਰ ਜ਼ਿਲਹ੍ਹੇ ਦਾ ਇੱਕ ਪਿੰਡ ਸੀ।

ਸੰਨ 1946 ਵਿੱਚ ਸ਼ਿਵ ਨੂੰ ਸਕੂਲੋਂ ਗਰਮੀਆਂ ਦੀਆਂ ਛੁੱਟੀਆਂ ਸਨ ਤੇ ਉਹ ਆਪਣੇ ਵੱਡੇ ਭਰਾ ਦਵਾਰਕੇ ਨਾਲ ਬੜਾ ਪਿੰਡ ਲੋਹਤੀਆਂ ਗਿਆ ਹੋਇਆ ਸੀ ਤਾਂ ਦੇਸ਼ ਦੀ ਵੰਡ ਦਾ ਐਲਾਨ ਹੋ ਗਿਆ ਤੇ ਪਟਵਾਰੀ ਕਿਰ੍ਸ਼ਨ ਗੋਪਾਲ ਮੁਹੱਲਾ ਦਾਰੁੱਸਲਾਮ (ਬਾਅਦ ਵਿੱਚ ਜਿਸਦਾ ਨਾਂਅ ਪਰ੍ਰੇਮ ਨਗਰ ਪੈ ਗਿਆ) ਵਿੱਚ ਵੱਸ ਗਿਆ। ਸੰਨ 1953 ਵਿੱਚ ਸ਼ਿਵ ਨੇ ਸਾਲਵੇਸ਼ਨ ਆਰਮੀ ਹਾਈ ਸਕੂਲ ਬਟਾਲਾ ਤੋਂ ਦਸਵੀ ਪਾਸ ਕੀਤੀ। ਜਿੱਥੋਂ ਤੱਕ ਪੜਹ੍ਹਾਈ ਦਾ ਸਬੰਧ ਹੈ, ਸ਼ਿਵ ਕੁਮਾਰ ਇਹੀ ਇੱਕ ਸਰਟੀਫਿਕੇਟ ਪਰਾ੍ਪਤ ਕਰ ਸਕਿਆ। ਉਸ ਦੇ ਪਿਤਾ ਜੋ ਉਸ ਨੂੰ ਚੰਗਾ ਪੜਹ੍ਹਾ-ਲਿਖਾ ਕੇ ਉੱਚ ਵਿੱਦਿਆ ਦਿਵਾ ਕੇ ਇੱਕ ਕਾਰੋਬਾਰੀ ਵਿਅਕਤੀ ਬਣਾਉਣਾ ਚਾਹੁੰਦੇ ਸਨ, ਨੂੰ ਨਿਰਾਸ਼ਾ ਹੀ ਮਿਲੀ ਕਿਉਂਕਿ ਦਸਵੀ ਤੋਂ ਬਾਅਦ ਅਗਲੇ ਦੋ ਸਾਲ ਬਿਨਾਂ ਕਿਸੇ ਡਿਗਰੀ ਪਰਾ੍ਪਤ ਕਰਨ ਦੇ ਉਸਨੇ ਤਿੰਨ ਕਾਲਜ ਬਦਲੇ। ਪਹਿਲਾਂ ਬੈਰਿੰਗ ਯੂਨੀਅਨ ਕਿਰ੍ਸਚੀਅਨ ਕਾਲਜ ਬਟਾਲਾ ਵਿੱਚ ਐਫ.ਐਸ.ਸੀ. ਵਿੱਚ ਦਾਖਲਾ ਲਿਆ ਅਤੇ ਬੋਰਡ ਦੇ ਇਮਤਿਹਾਨਾਂ ਤੋਂ ਪਹਿਲਾਂ ਹੀ ਛੱਡ ਦਿੱਤਾ। ਫੇਰ ਨਾਭੇ ਜਾ ਕੇ ਸਰਕਾਰੀ ਰਿਪੁਦਮਨ ਕਾਲਜ ਵਿੱਚ ਦਾਖਲ ਹੋਇਆ ਪਰ ਕੁਝ ਹੀ ਮਹੀਨਿਆਂ ਪਿੱਛੋਂ ਮੁੜ ਆਇਆ ਤੇ ਆਰਟਸ ਵਿਸ਼ਿਆਂ ਨਾਲ ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿੱਚ ਦਾਖਲਾ ਲੈ ਲਿਆ, ਉੱਥੇ ਵੀ ਇਮਤਿਹਾਨ ਨਾ ਦਿੱਤਾ ਤੇ ਸਾਲ ਬਾਅਦ ਇਹ ਕਾਲਜ ਛੱਡ ਕੇ ਬੈਜਨਾਥ ਜ਼ਿਲਹ੍ਹਾ ਕਾਂਗੜਾ ਦੇ ਇੱਕ ਸਕੂਲ ਵਿੱਚ ਓਵਰਸੀਅਰ ਦੇ ਕੋਰਸ ਵਿੱਚ ਦਾਖਲਾ ਲੈ ਲਿਆ।

ਬੈਜਨਾਥ ਵਿਖੇ ਉਸਨੂੰ ਮੈਨਾ ਨਾਂਅ ਦੀ ਇੱਕ ਕੁੜੀ ਮਿਲੀ ਜੋ ਉਸ ਨੂੰ ਚੰਗੀ ਲੱਗੀ ਪਰ ਕੁਝ ਦੇਰ ਬਾਅਦ ਹੀ ਪਤਾ ਲੱਗਾ ਕਿ ਮੈਨਾ ਦੀ ਟਾਈਫਾਈਡ ਨਾਲ ਮੌਤ ਹੋ ਗਈ ਹੈ। ਸ਼ਿਵ ਆਪਣੇ ਪਿਆਰੇ ਦੀ ਮੌਤ ਦੇ ਸੋਗ ਅਤੇ ਹਿਜਰ ਦਾ ਸ਼ਿਕਾਰ ਹੋ ਗਿਆ। ਸ਼ਿਵ ਦੇ ਦਿਲ ਅੰਦਰ ਇਸ ਮੌਤ ਦਾ ਗ਼ਮ, ਉਹਦੇ ਮਰਦੇ ਦਮ ਤੱਕ ਜ਼ਿੰਦਾ ਰਿਹਾ। ਉਹ ਸੋਗ ਅਤੇ ਵਿਛੋੜਾ ਉਸ ਦੇ ਕਈ ਗੀਤਾਂ ਵਿੱਚ ਝਲਕਦਾ ਹੈ।

ਸ਼ਿਵ ਜਦੋਂ ਕਾਦੀਆਂ ਵਿੱਚ ਸੀ, ਉਦੋਂ ਹੀ ਉਹ ਆਪਣੇ ਜਮਾਤੀਆਂ ਤੇ ਯਾਰਾਂ-ਦੋਸਤਾਂ ਨੂੰ ਗਜ਼ਲਾਂ ਤੇ ਗਾਣੇ ਸੁਣਾਉਣ ਲੱਗ ਪਿਆ। ਉਹਦੀ ਆਵਾਜ਼ ਵੀ ਸੁਰੀਲੀ ਸੀ ਤੇ ਲਫਜ਼ ਵੀ, ਇਸੇ ਕਰਕੇ ਉਸਦੇ ਕਈ ਪਰ੍ਸ਼ੰਸਕ ਬਣ ਗਏ ਸਨ। ਹੁਣ ਉਸਨੇ ਫਿਲਮੀ ਅਤੇ ਲੋਕ ਗੀਤਾਂ ਦੀ ਬਜਾਏ ਆਪਣੇ ਹੀ ਗੀਤ ਜਾਂ ਕਵਿਤਾ ਬੋਲਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਹ ਛੇਤੀ ਹੀ ਬਟਾਲੇ ਦੇ ਸਾਹਿਤਕ ਖੇਤਰ ਵਿੱਚ ਛਾ ਗਿਆ। ਬਟਾਲੇ ਦੇ ਕੁਝ ਸੀਨੀਅਰ ਲੇਖਕਾਂ ਜਸਵੰਤ ਸਿੰਘ ਰਾਹੀ, ਕਰਤਾਰ ਸਿੰਘ ਬਲੱਗਣ ਅਤੇ ਬਰਕਤ ਰਾਮ ਯਮਨ ਨੇ ਸ਼ਿਵ ਬਟਾਲਵੀ ਨੂੰ ਬਟਾਲੇ

ਅਤੇ ਬਟਾਲੇ ਤੋਂ ਬਾਹਰ ਕਈ ਕਵੀ ਦਰਬਾਰਾਂ ਅਤੇ ਮੁਸ਼ਾਇਰਿਆਂ ਵਿੱਚ ਪੇਸ਼ ਕੀਤਾ।

ਮੈਨਾ ਦੀ ਮੌਤ ਤੋਂ ਬਾਅਦ ਸ਼ਿਵ ਦੇ ਦਿਲ ਨੂੰ ਇੱਕ ਹੋਰ ਸੱਟ ਵੱਜੀ। ਉਹ, ਗੁਰਬਖਸ਼ ਪਰੀਤਲੜੀ ਦੀ ਕੁੜੀ ਵੱਲ ਆਕਰਸ਼ਿਤ ਹੋਇਆ ਤਾਂ ਉਹ ਮੁਲਕ ਛੱਡ ਕੇ ਅਮਰੀਕਾ ਚਲੀ ਗਈ ਤੇ ਉੱਥੇ ਜਾ ਕੇ ਵਿਆਹ ਕਰਵਾ ਲਿਆ। ਸ਼ਿਵ ਨੇ 'ਸ਼ਿਕਰਾ' ਕਵਿਤਾ ਲਿਖੀ ਜੋ ਬਹੁਤ ਹੀ ਪਰ੍ਸਿੱਧ ਹੈ

"ਮਾਏਂ ਨੀ .. ਮਾਏਂ ਨੀ .
ਮੈਂ ਇੱਕ ਸ਼ਿਕਰਾ ਯਾਰ ਬਣਾਇਆ
ਇੱਕ ਉਡਾਰੀ ਉਸ ਐਸੀ ਮਾਰੀ
ਉਹ ਫਿਰ ਵਤਨੀਂ ਨਾ ਆਇਆ ।"

ਪੜ੍ਹਾਈ ਕਰਵਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਵਿੱਚ ਨਾਕਾਮ ਰਹਿਣ ਤੋਂ ਬਾਅਦ ਪਿਤਾ ਕਿਰ੍ਸ਼ਨ ਗੋਪਾਲ ਨੇ ਪੁੱਤਰ ਸ਼ਿਵ ਕੁਮਾਰ ਨੂੰ ਪਟਵਾਰੀ ਲਵਾ ਦਿੱਤਾ ਪਰ ਇਸ ਕੰਮ ਵਿੱਚ ਉਸਨੇ ਭੋਰਾ ਵੀ ਰੁਚੀ ਨਾ ਦਿਖਾਈ। 1961 ਵਿੱਚ ਉਸਨੇ ਇਸ ਨੌਕਰੀ ਤੋਂ ਵੀ ਅਸਤੀਫਾ ਦੇ ਦਿੱਤਾ ਅਤੇ 1966 ਤੱਕ ਬੇਰੁਜ਼ਗਾਰ ਹੀ ਰਿਹਾ। ਪਿਤਾ ਕੋਲੋਂ ਕੋਈ ਖਰਚਾ ਨਹੀਂ ਸੀ ਲੈਂਦਾ। ਇਸ ਲਈ ਇਸ ਸਮੇਂ ਦੌਰਾਨ ਉਹ ਕਦੀ ਕਦਾਈ ਕਵੀ ਦਰਬਾਰਾਂ ਵਿੱਚ ਆਪਣੀਆਂ ਕਵਿਤਾਵਾਂ ਪੜ੍ਹਨ ਦੇ ਸੇਵਾ ਫਲ ਜਾਂ ਕੁਝ ਛਪ ਚੁੱਕੀਆਂ ਕਿਤਾਬਾਂ ਦੀ ਨਿਗੂਣੀ ਜਿਹੀ ਰਾਇਲਟੀ 'ਤੇ ਹੀ ਗੁਜ਼ਾਰਾ ਕਰਦਾ ਸੀ। ਸ਼ਿਵ ਦੇ ਆਜ਼ਾਦ ਜਿਹੇ ਸੁਭਾਅ ਕਾਰਨ, ਪਿਓ-ਪੁੱਤ ਦੀ ਘੱਟ ਹੀ ਬਣਦੀ ਸੀ। ਕਈ-ਕਈ ਦਿਨ ਉਹ ਘਰੋਂ ਚਲੇ ਜਾਂਦਾ ਤੇ ਦਿਨ ਰਾਤ ਦੋਸਤਾਂ-ਯਾਰਾਂ ਦੇ ਘਰੀ ਹੀ ਰਹਿੰਦਾ। ਆਖਰ 1966 ਵਿੱਚ ਰੋਜ਼ੀ-ਰੋਟੀ ਦੇ ਉਪਰਾਲੇ ਵਜੋਂ ਉਸਨੇ ਸਟੇਟ ਬੈਂਕ ਆਫ ਇੰਡੀਆ ਦੀ ਬਟਾਲਾ ਸ਼ਾਖਾ ਵਿੱਚ ਕਲਰਕ ਦੀ ਨੌਕਰੀ ਲੈ ਲਈ।

5 ਫਰਵਰੀ ਸੰਨ 1967 ਨੂੰ ਸ਼ਿਵ ਦਾ ਵਿਆਹ, ਗੁਰਦਾਸਪੁਰ ਜ਼ਿਲ੍ਹੇ ਦੇ ਹੀ ਇੱਕ ਪਿੰਡ ਕੀੜੀ ਮੰਗਿਆਲ ਦੀ ਅਰੁਣਾ ਨਾਲ ਹੋ ਗਿਆ। ਉਸਦਾ ਵਿਆਹੁਤਾ ਜੀਵਨ ਖੁਸ਼ ਅਤੇ ਹਰ ਪੱਖੋਂ ਠੀਕ ਠਾਕ ਸੀ। ਉਨਹ੍ਾਂ ਦੇ ਘਰ ਦੋ ਬੱਚੇ ਪੁੱਤਰ ਮਿਹਰਬਾਨ ਅਤੇ ਧੀ ਪੂਜਾ ਨੇ ਜਨਮ ਲਿਆ। ਸ਼ਿਵ ਆਪਣੇ ਬੱਚਿਆਂ ਨੂੰ ਬੇਹੱਦ ਪਿਆਰ ਕਰਦਾ ਸੀ। ਸੰਨ 1968 ਵਿੱਚ ਸਟੇਟ ਬੈਂਕ ਆਫ ਇੰਡੀਆ ਦੇ ਮੁਲਾਜਮ ਵਜੋਂ ਬਦਲ ਕੇ ਉਹ ਚੰਡੀਗੜ੍ਹ ਆ ਗਿਆ।

ਚੰਡੀਗੜ੍ਹ ਆ ਕੇ ਵੀ ਸ਼ਿਵ ਨੇ ਬੈਂਕ ਦੀ ਨੌਕਰੀ ਵਿੱਚ ਕੋਈ ਦਿਲਚਸਪੀ ਨਾ ਵਿਖਾਈ। ਉਹ 21 ਸੈਕਟਰ ਵਿੱਚ ਇੱਕ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ ਤੇ ਹਫਤੇ ਵਿੱਚ ਇੱਕ ਜਾਂ ਦੋ ਦਿਨ ਹੀ ਕੰਮ 'ਤੇ ਜਾਂਦਾ ਸੀ। ਹੁਣ ਤੱਕ ਕਵਿਤਾਵਾਂ ਵਿਚਲੀ ਪੀੜਾ ਤੇ ਦੁੱਖ ਕਦੀ ਉਸਦੇ ਚਿਹਰੇ 'ਤੇ ਨਹੀਂ ਸੀ ਝਲਕਿਆ। ਆਪਣੇ ਪਰ੍ਸ਼ੰਸਕਾਂ ਤੇ ਦੋਸਤਾਂ ਨਾਲ



ਬੈਠਕਾਂ ਦੌਰਾਨ ਉਹ ਇੱਕ ਖੁਸ਼-ਦਿਲ, ਹਾਸੇ-ਠੱਠੇ ਪਰ ਤੇਜ਼ ਦਿਮਾਗ ਵਾਲਾ ਅਤੇ ਬਹੁਤ ਹੀ ਜ਼ਹੀਨ ਵਿਅਕਤੀ ਸੀ। ਆਪਣੇ ਉਦਾਸੀ ਭਰੇ, ਬਿਰਹਾ ਤੇ ਵਿਛੋੜੇ ਦੇ ਗੀਤ ਅਤੇ ਕਵਿਤਾਵਾਂ ਬੋਲਦਿਆਂ ਉਹ ਇੱਕ-ਦਮ ਚੁਟਕਲੇ ਸੁਣਾਉਣ ਲੱਗ ਪੈਂਦਾ ਜਾਂ ਹਲਕੇ-ਫੁਲਕੇ ਵਿਸ਼ੇ 'ਤੇ ਬੋਲਣ ਲੱਗਦਾ।

1972 ਵਿੱਚ ਸ਼ਿਵ ਬਟਾਲਵੀ ਨੇ ਇੰਗਲੈਂਡ ਦਾ ਦੌਰਾ ਕੀਤਾ।

ਪੰਜਾਬੀ ਬਰਾਦਰੀ ਵਿੱਚ ਉਸਦੀ ਸ਼ਾਇਰੀ ਦੀ ਮਸ਼ਹੂਰੀ ਅਤੇ ਸ਼ੋਹਰਤ ਉਸਦੇ ਉੱਥੇ ਪਹੁੰਚਣ ਤੋਂ ਪਹਿਲਾਂ ਹੀ ਪੁੱਜ ਚੁੱਕੀ ਸੀ। ਉੱਥੋਂ ਦੇ ਸਥਾਨਕ ਭਾਰਤੀ ਅਖਬਾਰਾਂ ਵਿੱਚ ਸੁਰਖੀਆਂ ਅਤੇ ਫੋਟੋਆਂ ਸਹਿਤ ਸ਼ਿਵ ਦੇ ਆਗਮਨ ਦਾ ਐਲਾਨ ਕੀਤਾ ਗਿਆ।

ਸ਼ਿਵ ਦੇ ਸਨਮਾਨ ਵਿੱਚ ਹੀ ਇੱਕ ਹੋਰ ਵੱਡੀ ਇਕੱਤਰਤਾ ਰੋਚਸਟਰ (ਕੈਂਟ) ਵਿਖੇ ਕੀਤੀ ਗਈ। ਉੱਥੇ ਪਰ੍ਸਿੱਧ ਚਿੱਤਰਕਾਰ ਸੋਭਾ ਸਿੰਘ ਵੀ ਹਾਜਰ ਸਨ, ਜੋ ਕਾਫੀ ਦੂਰੋਂ ਆਪਣੇ ਖਰਚੇ 'ਤੇ ਚੱਲ ਕੇ ਸ਼ਿਵ ਨੂੰ ਮਿਲਣ ਆਏ ਸਨ। ਬਟਾਲਵੀ ਦੇ ਰੁਝੇਵੇਂ ਅਤੇ ਪਰ੍ੋਗਰਾਮ, ਸਥਾਨਕ ਮੀਡੀਆ ਦੁਆਰਾ ਰਿਪੋਰਟ ਕੀਤੇ ਜਾਂਦੇ ਸਨ। ਇੰਗਲੈਂਡ ਵਿੱਚ ਬੀ.ਬੀ.ਸੀ. ਟੈਲੀਵਿਜ਼ਨ ਨੇ ਸ਼ਿਵ ਦੀ ਇੰਟਰਵਿਊ ਵੀ ਰਿਕਾਰਡ ਕੀਤੀ। ਸਮਾਗਮਾਂ ਵਿੱਚ ਜਾਂ ਕਿਸੇ ਦੇ ਘਰੇ, ਮਿਲਣ ਆਉਣ ਵਾਲਿਆਂ ਨਾਲ ਵਿਚਾਰ-ਵਟਾਂਦਰੇ ਜਾਂ ਸ਼ੇਅਰੋ-ਸ਼ਾਇਰੀ ਦੌਰਾਨ, ਦੇਰ ਰਾਤ ਜਾਂ ਸਵੇਰੇ ਦੋ-ਢਾਈ

ਵਜੇ ਤੱਕ ਸ਼ਿਵ ਜਾਗਦਾ ਰਹਿੰਦਾ ਤੇ ਸ਼ਰਾਬ ਜ਼ਿਆਦਾ ਪੀਣ ਲੱਗ ਪਿਆ ਸੀ।

ਸੰਨ 1960 ਤੋਂ 1965 ਦੇ ਦਰਮਿਆਨ ਸ਼ਿਵ ਦੇ ਪੰਜ ਕਾਵਿ ਸੰਗ੍ਰਹਿ ਛਪੇ। ਸ਼ਿਵ ਦੀ ਸਾਇਰੀ ਵਿੱਚ ਬੜਾ ਪਿੰਡ ਲੋਹਤੀਆਂ, ਜਿੱਥੇ ਉਸਦਾ ਬਚਪਨ ਗੁਜ਼ਰਿਆ, ਵਿੱਚ ਬਿਤਾਏ ਹੋਏ ਦਿਨਾਂ ਦੀਆਂ ਯਾਦਾਂ, ਮਨ ਮੋਹ ਲੈਣ ਵਾਲੇ ਕੁਦਰਤੀ ਦ੍ਰਿਸ਼ਾਂ ਵਾਲੀ ਸੁੰਦਰਤਾ, ਦੇਸ਼ ਦੀ ਵੰਡ ਵੇਲੇ ਉਸ ਜਗ੍ਹਾ ਦਾ ਵਿਛੋੜਾ ਅਤੇ ਠੇਠ ਪੰਜਾਬੀ ਪੇਂਡੂ ਜੀਵਨ, ਬਿੰਬ ਵਿਧਾਨ ਹਨ। ਸ਼ਿਵ ਦੀ ਸ਼ਾਇਰੀ ਦੇ ਮੁੱਲ ਦਾ ਇੱਥੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਬਹੁਤ ਸਾਰੇ ਨਾਮਵਰ ਭਾਰਤੀ ਅਤੇ ਪਾਕਿਸਤਾਨੀ ਗਾਇਕਾਂ ਨੇ ਉਸਨੂੰ ਗਾਇਆ ਹੈ।



ਬਟਾਲਵੀ ਸਭ ਤੋਂ ਘੱਟ ਉਮਰ ਵਿੱਚ ਸਾਹਿਤ ਅਕੈਡਮੀ ਐਵਾਰਡ ਹਾਸਲ ਕਰਨ ਵਾਲਾ ਆਧੁਨਿਕ ਪੰਜਾਬੀ ਕਵੀ ਹੈ। ਸੰਨ 1965 ਵਿੱਚ ਛਪੇ ਉਸਦੇ ਕਾਵਿ-ਨਾਟਕ ਲੂਣਾ ਲਈ ਉਸਨੂੰ 1967 ਵਿੱਚ ਇਹ ਐਵਾਰਡ ਮਿਲਿਆ। ਥੋੜ੍ਹੀ ਉਮਰ ਵਿੱਚ ਹੀ ਕਵਿਤਾ ਦਾ ਲੰਮਾ ਪੈਂਡਾ ਤਹਿ ਕਰਨ ਵਾਲੇ ਇਸ ਕਵੀ ਦੀਆਂ ਲਿਖਤਾਂ ਵਿੱਚ ਬਿਰਹਾ ਅਤੇ ਅੰਤਰ-ਪੀੜਾ ਪ੍ਰਧਾਨ ਹੈ। ਸ਼ਿਵ ਬਟਾਲਵੀ ਨੇ 1957 ਤੋਂ 60 ਤੱਕ ਲਿਖੀਆਂ ਕਵਿਤਾਵਾਂ ਦਾ ਪਹਿਲਾ ਕਾਵਿ ਸੰਗ੍ਰਹਿ 'ਪੀੜਾਂ ਦਾ ਪਰਾਗਾ' (1960) ਤੋਂ ਲੈ ਕੇ ''ਮੈਂ ਤੇ ਮੈਂ' (1970) ਤੱਕ ਦਾ ਲੰਮਾ ਸਫਰ ਤਹਿ ਕੀਤਾ।

ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਦਰਦਮੰਦਾਂ ਦੀਆਂ ਆਹੀਂ, ਲੂਣਾ, ਮੈਂ ਅਤੇ ਮੈਂ, ਆਰਤੀ, ਅਲਵਿਦਾ, ਬਿਰਹਾ ਤੂੰ ਸੁਲਤਾਨ ਆਦਿ ਕਾਵਿ ਸੰਗ੍ਰਹਿ ਛਪੇ ਜੋ ਸ਼ਿਵ ਦੀ ਸ਼ਾਇਰੀ ਨੂੰ ਅਮਰ ਬਣਾਉਂਦੇ ਹਨ। ''ਆਟੇ ਦੀਆਂ ਚਿੜੀਆਂ'' ਕਾਵਿ ਸੰਗ੍ਰਹਿ ਲਈ ਸ਼ਿਵ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪਹਿਲਾ ਇਨਾਮ ਦਿੱਤਾ ਗਿਆ। 'ਅਲਵਿਦਾ' ਤੇ 'ਬਿਰਹਾ ਤੂੰ ਸੁਲਤਾਨ' ਕਾਵਿ ਸੰਗ੍ਰਹਿ ਸ਼ਿਵ ਦੀ ਮੌਤ ਤੋਂ ਬਾਅਦ ਛਾਪੇ ਗਏ। ਸ਼ਿਵ ਦੀ ਸਾਇਰੀ ਅਤੇ ਕਵਿਤਾਵਾਂ ਇੰਨੀਆਂ ਸੁਰੀਲੀਆਂ ਸਨ ਕਿ ਆਮ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਈਆਂ। ਉਨ੍ਹਾਂ ਵਿੱਚ ਸਦੀਵੀ ਰਸ ਸੀ। ਸ਼ਿਵ ਕੁਮਾਰ ਦੀਆਂ ਚਰਚਿਤ ਹੋਈਆਂ ਕਵਿਤਾਵਾਂ ਵਿੱਚ ਪੀੜਾਂ ਦਾ ਪਰਾਗਾ, ਕੰਡਿਆਲੀ ਥੋਰ, ਤਿਤਲੀਆਂ, ਲਾਜਵੰਤੀ, ਨੂਰਾ ਆਦਿ ਹਨ।

ਖੱਬੇ-ਪੱਖੀ ਅਤੇ 'ਸੁਧਾਰ ਪੱਖੀ' ਲੇਖਕਾਂ ਦੁਆਰਾ ਕੀਤੀ ਜਾ ਰਹੀ ਬੇਲੋੜੀ ਨੁਕਤਾਚੀਨੀ ਤੋਂ ਸ਼ਿਵ ਬਹੁਤ ਨਿਰਾਸ਼ ਸੀ। ਆਪਣੀ ਸ਼ਾਇਰੀ ਦੀ ਇਸ ਤਰ੍ਹਾਂ ਦੀ ਬੇ-ਇਨਸਾਫੀ ਵਾਲੀ ਨਿੰਦਾ ਤੋਂ ਖ਼ਫ਼ਾ ਹੋ ਕੇ ਹੁਣ ਉਸ ਨੇ ਖੁੱਲ੍ਹੇਆਮ ਬੋਲਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਲੋਕਾਂ ਵੱਲੋਂ ਉਹਦੀਆਂ ਕਵਿਤਾਵਾਂ ਅਤੇ ਆਸ਼ਾਰਾਂ ਦੀ ਨੁਕਤਾਚੀਨੀ ਨੇ ਉਹਦੇ ਦਿਲੋ-ਦਿਮਾਗ 'ਤੇ ਬੜਾ ਅਸਰ ਕੀਤਾ।

ਹੁਣ ਸ਼ਿਵ ਦੇ ਵਿਹਾਰ ਅਤੇ ਸੁਭਾਅ ਵਿੱਚ ਕੁੜੱਤਣ ਝਲਕਣ ਲੱਗ ਪਈ ਸੀ। ਉਹਦੀ ਸਿਹਤ ਕੁਝ ਖਰਾਬ ਰਹਿਣ ਲੱਗ ਪਈ। ਉਹ ਬੜੀਆਂ ਆਸਾਂ ਨਾਲ ਚੰਡੀਗੜ੍ਹ ਆਇਆ ਸੀ ਪਰ ਚਾਰ ਸਾਲ ਇੱਥੇ ਰਹਿਣ ਤੋਂ ਬਾਅਦ ਜਦ ਉਹ ਵਾਪਸ ਗਿਆ ਤਾਂ ਉਹਦੇ ਅੰਦਰ ਬੜੀ ਕੜਵਾਹਟ ਅਤੇ ਨਿਰਾਸ਼ਾ ਸੀ। ਹੁਣ ਤਾਂ ਉਹ ਆਉਣ ਵਾਲੀ ਆਪਣੀ ਮੌਤ ਦੀ ਗੱਲ ਆਮ ਹੀ ਕਰਨ ਲੱਗ ਪਿਆ ਸੀ ਅਤੇ ਬਿਨ੍ਹਾਂ ਨਾਗਾ ਸਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ। ਇੰਗਲੈਂਡ ਤੋਂ ਵਾਪਸ ਆ ਕੇ ਕੁਝ ਮਹੀਨਿਆਂ ਵਿੱਚ ਹੀ ਉਸਦੀ ਸਿਹਤ ਦਿਨੋ-ਦਿਨ ਵਿਗੜਨ ਲੱਗੀ। ਇੰਝ ਲੱਗਦਾ ਸੀ ਕਿ ਹੁਣ ਉਹ ਤੰਦਰੁਸਤ ਨਹੀ ਹੋ ਸਕੇਗਾ। ਉਤੋਂ ਉਹਦੀ ਆਰਥਿਕ ਹਾਲਤ ਵੀ ਬਹੁਤ ਪਤਲੀ ਹੋ ਚੁੱਕੀ ਸੀ। ਇਸ ਮਾੜੀ ਹਾਲਤ ਵਿੱਚ ਦੋਸਤ ਮਿੱਤਰ ਵੀ ਸਾਥ ਛੱਡ ਰਹੇ ਸਨ। ਪਰ ਕਿਸੇ ਤਰ੍ਹਾਂ ਕਰਕੇ ਪਤਨੀ ਅਰੁਣਾ ਨੇ ਸ਼ਿਵ ਨੂੰ ਚੰਡੀਗੜ੍ਹ ਦੇ 16 ਸੈਕਟਰ ਵਿਚਲੇ ਜਨਰਲ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਜਿੱਥੇ ਕੁਝ ਦਿਨ ਉਹਦਾ ਇਲਾਜ ਚੱਲਿਆ। ਦੋ ਕੁ ਮਹੀਨੇ ਬਾਅਦ ਉਸ ਨੂੰ ਅੰਮ੍ਰਿਤਸਰ ਦੇ ਵੀ.ਜੇ. (ਗੁਰੂ ਤੇਗ ਬਹਾਦਰ) ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਉਹ ਹਸਪਤਾਲ ਵਿੱਚ ਨਹੀ ਸੀ ਮਰਨਾ ਚਾਹੁੰਦਾ। ਇਸੇ ਕਰਕੇ ਉਹ ਡਾਕਟਰਾਂ ਦੀ ਮਰਜੀ ਦੇ ਖਿਲਾਫ ਆਪਣੇ ਪਰਿਵਾਰਕ ਘਰ ਬਟਾਲੇ ਚਲਾ ਗਿਆ। ਉਸ ਤੋਂ ਪਿੱਛੋਂ ਉਸਨੂੰ ਉਹਦੇ ਸਹੁਰੇ ਪਿੰਡ ਕੀੜੀ ਮੰਗਿਆਲ ਲਿਜਾਇਆ ਗਿਆ। ਛੇ ਅਤੇ ਸੱਤ ਮਈ ਦੀ ਵਿਚਕਾਰਲੀ ਇਹ ਰਾਤ ਸ਼ਾਇਦ ਪੰਜਾਬੀ ਕਵਿਤਾ ਦੀ ਸਭ ਤੋਂ ਹਨ੍ਹੇਰੀ ਰਾਤ ਸੀ ਜਦ 7 ਮਈ 1973 ਦੀ ਕੁੱਕੜ ਬਾਂਗ ਤੋਂ ਪਹਿਲਾਂ ਹੀ ਹਿਜਰ ਦੀ ਪਰਿਕਰਮਾ ਕਰਦਾ ਹੋਇਆ, ਭਰਿਆ-ਭਰਾਇਆ, ਸ਼ਿਵ ਕੁਮਾਰ ਬਟਾਲਵੀ ਜੋਬਨ ਰੁੱਤੇ ਹੀ ਫੁੱਲ ਜਾਂ ਤਾਰਾ ਜਾ ਬਣਿਆ।

# ਪੰਜਾਬ ਦੇ ਤਿਓਹਾਰ



ਤਿਉਹਾਰ, ਲੋਕ ਜੀਵਨ ਨੂੰ ਪ੍ਰਗਟਾਉਣ ਦੇ ਸ਼ਕਤੀਸ਼ਾਲੀ ਮਾਧਿਅਮ ਹਨ। ਕਿਸੇ ਕੌਮ ਦੀ ਅਸਲੀ ਜਾਣਕਾਰੀ ਇਨ੍ਹਾਂ ਤਿੱਥ ਤਿਉਹਾਰਾਂ ਵਿੱਚੋਂ ਮਿਲ ਸਕਦੀ ਹੈ। ਇਨ੍ਹਾਂ ਵਿੱਚ ਕਿਸੇ ਕੌਮ ਦੀ ਹਜ਼ਾਰਾਂ ਵਰ੍ਹਿਆਂ ਦੀ ਸਮਝ ਅਤੇ ਤਜੁਰਬਾ ਹੀ ਸ਼ਾਮਿਲ ਨਹੀਂ ਹੁੰਦਾ ਸਗੋਂ ਉਸ ਕੌਮ ਦਾ ਸੁਭਾਅ ਚਿਤਰਿਆ ਹੁੰਦਾ ਹੈ। ਇਹ ਤਿਉਹਾਰ ਸਾਡੀ ਸਾਂਝੀ ਵਰਤੋਂ ਵਿਹਾਰ ਅਤੇ ਸਰਬ ਸਾਂਝ ਦਾ ਪ੍ਰਤੀਕ ਹਨ। ਇਨ੍ਹਾਂ ਰਾਹੀਂ ਲੋਕ ਪ੍ਰਤਿਭਾ ਨਿਖਰਦੀ ਹੈ, ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਤਿੱਥ ਤਿਉਹਾਰਾਂ ਨਾਲ ਸਾਡਾ ਅੰਦਰਲਾ ਖਿੜਦਾ ਹੈ, ਜੀਵਨ ਮਹਿਕਦਾ ਹੈ, ਸੁਆਦ ਜਾਗਦਾ ਹੈ, ਸਮਾਜ ਵਿੱਚ ਰੰਗੀਨੀ ਆਉਂਦੀ ਹੈ, ਨਵੀਂ ਸ਼ਕਤੀ ਉੱਭਰਦੀ ਹੈ, ਨਵੇਂ ਸੰਕਲਪ ਜਾਗਦੇ ਹਨ। ਜੇਕਰ ਇਹ ਤਿਉਹਾਰ ਨਾ ਹੁੰਦੇ ਤਾਂ ਪੰਜਾਬੀਆਂ ਦਾ ਸੁਭਾਅ ਯਕੀਨਣ ਹੁਣ ਵਰਗਾ ਖੁੱਲ੍ਹ ਤੇ ਰੰਗੀਨ ਨਾ ਹੁੰਦਾ|

ਇਹ ਤਿਉਹਾਰ ਸਾਡਾ ਸਾਂਝਾ ਪਿੜ ਹਨ— ਇੱਕ-ਦੂਜੇ ਨਾਲ ਮਿਲ ਬੈਠਣ ਦੇ ਪਲ । ਇਨ੍ਹਾਂ ਤਿਉਹਾਰਾਂ ਦਾ ਸੰਬੰਧ ਸਾਡੇ ਸਾਂਝੇ ਵਲਵਲਿਆਂ ਨਾਲ ਹੈ। ਸਾਡੇ ਸਾਫ਼ ਦਿਲਾਂ ਦਾ ਨਿਰੋਲ ਸੱਭਿਆਚਾਰ ਇਨ੍ਹਾਂ ਤਿਉਹਾਰਾਂ ਵਿੱਚੋਂ ਮੂਰਤੀਮਾਨ ਹੁੰਦਾ ਹੈ।

ਖ਼ਾਸ-ਖ਼ਾਸ ਮੌਕਿਆਂ 'ਤੇ ਸਮੂਹਿਕ ਰੂਪ ਵਿੱਚ ਕੀਤੀਆਂ ਵਿਸ਼ੇਸ਼ ਵਿਧੀਆਂ ਅਤੇ ਕਿਰਿਆਵਾਂ ਹੀ ਸਮੇਂ ਨਾਲ ਜੀਵਨ ਪ੍ਰਵਾਹ ਦਾ ਅੰਗ ਬਣ ਕੇ ਤਿਉਹਾਰਾਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਤਿਉਹਾਰਾਂ ਦਾ ਮੁੱਢ ਹੀ ਮਨੁੱਖ ਦੀ ਸਮੂਹਿਕ ਵਿਕਾਸ ਦੀ ਭਾਵਨਾ ਵਿੱਚੋਂ ਬੱਝਿਆ ਹੈ। ਹੌਲੀ-ਹੌਲੀ ਸਾਰਾ ਸਮਾਜਿਕ, ਧਾਰਮਿਕ ਅਤੇ ਭਾਈਚਾਰਿਕ ਜੀਵਨ ਇਨ੍ਹਾਂ ਦੀ ਲਪੇਟ ਵਿੱਚ ਆ ਗਿਆ।

ਤਿਉਹਾਰਾਂ ਦੀ ਕਹਾਣੀ ਬੜੀ ਪੁਰਾਣੀ ਹੈ ਅਤੇ ਇਨ੍ਹਾਂ ਦਾ ਕਾਫ਼ਲਾ ਨਿਰੰਤਰ ਚੱਲਦਾ ਰਹਿੰਦਾ ਹੈ। ਪੰਜਾਬੀਆਂ ਲਈ ਹਰ ਪਲ ਇੱਕ ਤਿਉਹਾਰ ਹੈ ਅਤੇ ਹਰ ਦਿਨ ਇੱਕ ਮੇਲਾ। ਚੰਨ ਸੂਰਜ ਦੇ ਚੱਕਰ ਵਾਂਗ ਇਹ ਤਿਉਹਾਰ ਸਾਡੇ ਲਈ ਨਿੱਤ ਨਵਾਂ ਸੁਪਨਾ ਲੈ ਕੇ ਆਉਂਦੇ ਹਨ।

ਪਿੰਡਾਂ ਦੇ ਲੋਕਾਂ ਦਾ ਵਰ੍ਹਾ ਚੇਤ ਦੀ ਏਕਮ ਤੋਂ ਆਰੰਭ ਹੁੰਦਾ ਹੈ । ਜਿਸ ਦਿਨ ਪਹਿਲਾ ਤਿਉਹਾਰ ਨਵਾਂ ਸੰਮਤ ਮਨਾਇਆ ਜਾਂਦਾ ਹੈ। ਬਸ ਫਿਰ ਤਿਉਹਾਰਾਂ ਦਾ ਕਾਫ਼ਲਾ ਸ਼ੁਰੂ ਹੋ ਜਾਂਦਾ ਹੈ। ਚੰਦ ਦੀ ਤਿੱਥਾਂ ਨਾਲ ਸੰਬੰਧਿਤ ਪੂਰਬੀ ਇਕਾਦਸ਼ੀ, ਪੂਰਨਮਾਸ਼ੀ ਤੇ ਮੱਸਿਆ, ਸੰਗਰਾਂਦ ਹਰ ਮਹੀਨੇ ਆਉਂਦੀ ਹੈ। ਡਾ. ਵਣਜਾਰਾ ਬੇਦੀ ਅਨੁਸਾਰ : "ਸੂਰਜ ਦੇ ਨਵੀਂ ਰਾਸ਼ੀ ਵਿੱਚ ਪੈਰ ਪਾਉਣ ਕਰਕੇ ਇਸ ਸੁੱਚੇ ਦਿਨ ਦਾ ਖਾਸ ਮਹੱਤਵ ਹੈ। ਜੇ ਇਹ ਦਿਨ ਚੰਗਾ ਲੰਘ ਜਾਵੇ, ਤਾਂ ਕਹਿੰਦੇ ਹਨ ਸਾਰਾ ਮਹੀਨਾ ਸੁੱਖ ਦਾ ਬੀਤਦਾ ਹੈ।"

ਤਿਉਹਾਰ ਲੋਕ ਜੀਵਨ ਵਿੱਚ ਤਾਜ਼ਗੀ ਭਰਦੇ ਹਨ। ਜੀਵਨ ਵਿਚ ਸੱਜਰੇਪਣ ਦਾ ਅਹਿਸਾਸ ਹੁੰਦਾ ਹੈ। ਨਵੀਆਂ ਉਮੰਗਾਂ ਜਨਮ ਲੈਂਦੀਆਂ ਹਨ। ਬੱਚੇ ਤੋਂ ਬੁੱਢੇ ਤੱਕ ਹਰ ਕੋਈ ਤਿਉਹਾਰ ਵਾਲੇ ਦਿਨ ਮਾਨਸਿਕ ਆਨੰਦ ਦਾ ਲੁਤਫ਼ ਮਾਣਦਾ ਹੈ। ਲੋਕ ਜੀਵਨ ਦੀ ਸ਼ਕਤੀ ਉਨ੍ਹਾਂ ਦੇ ਵਿਸ਼ਵਾਸ ਉੱਤੇ ਨਿਰਭਰ ਕਰਦੀ ਹੈ ।

ਇੱਥੇ ਅਸੀਂ ਕੁਝ ਮਹੱਤਵਪੂਰਨ ਤਿਉਹਾਰਾਂ ਦਾ ਵਰਣਨ ਕਰਦੇ ਹਾਂ :

ਵਿਸਾਖੀ

ਵਿਸਾਖੀ ਪੰਜਾਬ ਦਾ ਇੱਕ ਬੇਹੱਦ ਮਹੱਤਵਪੂਰਨ ਤਿਉਹਾਰ ਹੈ । ਇਹ ਪੰਜਾਬ ਦੀ ਕਿਰਸਾਨੀ ਦਾ ਤਿਉਹਾਰ ਹੈ। ਇਸ ਸਮੇਂ ਕਿਸਾਨ ਦੀ ਮੁੱਖ ਫ਼ਸਲ ਕਣਕ ਬਿਲਕੁਲ ਤਿਆਰ ਹੋ ਜਾਂਦੀ ਹੈ। ਸੋਨੇ ਰੰਗੀਆਂ ਬੱਲੀਆਂ ਦੀ ਚਮਕ ਖੇਤਾਂ ਨੂੰ ਸੁਨਹਿਰਾ ਬਣਾਉਂਦੀ ਹੈ । ਜੱਟ ਖ਼ੁਸ਼ੀ ਖ਼ੁਸ਼ੀ ਵਿਸਾਖੀ ਦੇ ਮੇਲੇ ਉੱਤੇ ਜਾਂਦਾ ਹੈ। ਜਿੱਥੇ ਭੰਗੜੇ ਪਾਏ ਜਾਂਦੇ ਹਨ। ਫ਼ਸਲਾਂ ਦੀ ਰਾਖੀ ਮੁੱਕ ਚੁੱਕੀ ਹੁੰਦੀ ਹੈ।

ਜੱਟਾ ਆਈ ਵਿਸਾਖੀ
ਮੁੱਕ ਗਈ ਫਸਲਾਂ ਦੀ ਰਾਖੀ ।

ਪੰਜਾਬ ਵਿਚ ਦਮਦਮਾ ਸਾਹਿਬ, ਕਰਤਾਰਪੁਰ, ਸ੍ਰੀ ਆਨੰਦਪੁਰ ਸਾਹਿਬ ਆਦਿ ਵਿਸਾਖੀ ਬੜੀ ਮਸ਼ਹੂਰ ਹੈ। ਲੋਕੀਂ ਨਹਿਰਾਂ, ਦਰਿਆਵਾਂ ਅਤੇ ਸਰੋਵਰਾਂ ਵਿੱਚ ਇਸ਼ਨਾਨ ਕਰਦੇ ਹਨ। ਇਹ ਜਿੱਥੇ ਇੱਕ ਮੌਸਮੀ ਤਿਉਹਾਰ ਹੈ ਉੱਥੇ ਹੀ ਧਾਰਮਿਕ ਤਿਉਹਾਰ ਵੀ ਹੈ। ਖਾਲਸਾ ਪੰਥ ਦੀ ਸਿਰਜਣਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਕੀਤੀ ਸੀ। ਜਲ੍ਹਿਆਂਵਾਲੇ ਬਾਗ਼ ਦਾ ਖ਼ੂਨੀ ਸਾਕਾ ਵੀ ਇਸੇ ਦਿਨ ਵਾਪਰਿਆ ਸੀ ।

ਨਿਰਜਲਾ ਇਕਾਦਸ਼ੀ

ਇਹ ਗਰਮੀ ਦੀ ਰੁੱਤ ਦਾ ਤਿਉਹਾਰ ਹੈ । ਇਸ ਦਿਨ ਹਿੰਦੂ ਨਿਰਜਲਾ ਵਰਤ ਰੱਖਦੇ ਹਨ ਜੋ ਸਭ ਵਰਤਾਂ ਤੋਂ ਔਖਾ ਹੈ। ਇਸ ਰੁੱਤ ਜਦੋਂ ਘੜੀ ਮੁੜੀ ਮੂੰਹ ਸੁੱਕਦਾ ਹੈ ਤਾਂ ਪਿਆਸ ਲੱਗਦੀ ਹੈ । ਇਸ ਦਿਨ ਮਿੱਠੇ ਪਾਣੀ ਦੀਆਂ ਛਬੀਲਾਂ ਲਾਈਆਂ ਜਾਂਦੀਆਂ ਹਨ

ਤੀਆਂ ਦਾ ਤਿਉਹਾਰ

ਤੀਆਂ ਦਾ ਤਿਉਹਾਰ ਪੰਜਾਬੀ ਮੁਟਿਆਰਾਂ ਦਾ ਸਭ ਤੋਂ ਵੱਧ ਹਰਮਨ ਪਿਆਰਾ ਤਿਉਹਾਰ ਹੈ। ਸਾਵਣ ਦੀ ਤੀਜ ਤਿੱਥ ਤੋਂ ਸ਼ੁਰੂ ਹੋ ਕੇ ਪੂਰਨਮਾਸ਼ੀ ਤੱਕ ਚਲਦੀ ਹੈ। ਇਹ ਤਿਉਹਾਰ ਮਾਲਵੇ ਵਿਚ ਵਧੇਰੇ ਪ੍ਰਚਲਿਤ ਹੈ। ਕੁੜੀਆਂ ਆਪਣੇ ਪੇਕੇ ਘਰ ਆ ਕੇ ਪੀਂਘਾਂ ਝੂਟਦੀਆਂ



ਤੇ ਗਿੱਧਾ ਪਾਉਂਦੀਆਂ ਹਨ। ਇਸ ਮਹੀਨੇ ਘਰ ਵਿੱਚ ਖੀਰ, ਪੂੜੇ ਤੇ ਸੇਵੀਆਂ ਆਦਿ ਪਕਾ ਕੇ ਖਾਧੀਆਂ ਜਾਂਦੀਆਂ ਹਨ। ਇਸ ਬਾਰੇ ਇੱਕ ਅਖਾਣ ਬੜਾ ਪ੍ਰਸਿੱਧ ਹੈ।

ਸਾਵਣ ਖੀਰ ਨਾ ਖਾਧੀਆਂ
ਤਾਂ ਕਿਉਂ ਜੰਮੀਆਂ ਅਪਰਾਧੀਆਂ।

ਇਹ ਪ੍ਰੇਮੀ ਦੇ ਪਿਆਰ ਦੀ ਰੁੱਤ ਦੇ ਨਾਲ ਧੀਆਂ ਕਾਰਨ ਭੈਣ ਪਿਆਰ ਦੀ ਵੀ ਰੁੱਤ ਹੈ।

ਰੱਖੜੀ ਦਾ ਤਿਉਹਾਰ

ਸਾਉਣ ਦੀ ਪੂਰਨਮਾਸ਼ੀ ਨੂੰ ਰੱਖੜੀਆਂ ਦਾ ਤਿਉਹਾਰ ਬੜਾ ਮਹੱਤਵਪੂਰਨ ਹੈ। ਇਸ ਦਿਨ ਭੈਣਾਂ ਭਰਾਵਾਂ ਨੂੰ ਰੱਖੜੀਆਂ ਬੰਨ੍ਹਦੀਆਂ ਹਨ, ਅਤੇ ਭਰਾ ਭੈਣਾਂ ਨੂੰ ਰੁਪਏ ਤੇ ਤੋਹਫ਼ੇ ਦਿੰਦੇ ਹਨ। ਇਹ ਸਾਡਾ ਬੜਾ ਪੁਰਾਤਨ ਤਿਉਹਾਰ ਹੈ। ਜਦੋਂ ਲੜਾਈਆਂ ਹੁੰਦੀਆਂ ਸਨ ਤਾਂ ਭੈਣਾਂ ਭਰਾਵਾਂ ਦੇ ਹੱਥਾਂ ਨੂੰ ਗਾਨੇ ਬੰਨ੍ਹ ਦਿੰਦੀਆਂ ਸਨ ਕਿ ਤੁਸੀਂ ਜਾ ਕੇ ਰਣ ਮੈਦਾਨ ਵਿੱਚ ਸੂਰਬੀਰਤਾ ਨਾਲ ਲੜੋ। ਲਾਗੀ ਲੋਕ ਆਪਣੇ ਜਜਮਾਨਾਂ ਪਾਸੋਂ ਲਾਗ ਲੈਂਦੇ ਹਨ।

ਗੁੱਗਾ ਨੌਮੀ

ਗੁੱਗਾ ਨੌਮੀ ਗੁੱਗੇ ਪੀਰ ਦਾ ਤਿਉਹਾਰ ਹੈ। ਇਸ ਦਿਨ ਸੇਵੀਆਂ ਰਿੰਨ੍ਹੀਆਂ ਜਾਂਦੀਆਂ ਹਨ। ਗੁੱਗੇ ਦੇ ਕਈ ਭਗਤ ਛਪਾਰ ਵਿੱਚ ਗੁੱਗੇ ਦੀ ਮਾੜੀ ਉੱਤੇ ਜਾ ਕੇ ਮਿੱਟੀ ਕੱਢਦੇ ਹਨ। ਔਰਤਾਂ ਗੁੱਗੇ ਦੀ ਮਹਿਮਾ ਵਿੱਚ ਗੀਤ ਗਾਉਂਦੀਆਂ ਹਨ

ਝੋਲ ਮੇਰੀ ਵਿੱਚ ਛੱਲੀਆਂ
ਅਸੀਂ ਗੁੱਗਾ ਮਨਾਉਣ ਚੱਲੀਆਂ
ਨੀਂ ਮੈਂ ਵਾਰੀ ਗੁੱਗੇ ਤੋਂ
ਛੰਨਾ ਭਰਿਆ ਦੁੱਧ ਦਾ
ਮੇਰਾ ਗੁੱਗਾ ਮਾੜੀ ਵਿੱਚ ਕੁੱਦਦਾ
ਨ੍ਹੀਂ ਮੈਂ ਵਾਰੀ ਗੁੱਗੇ ਤੋਂ।

ਇਹ ਸਭ ਸੱਪਾਂ ਦੇ ਪੀਰ ਗੁੱਗੇ ਨੂੰ ਖੁਸ਼ ਕਰਨ ਦੇ ਯਤਨ ਹਨ ।

ਸ਼ਰਾਧ

ਸਰਾਧ ਸ਼ਬਦ ਸ਼ਰਧਾ ਤੋਂ ਬਣਿਆ ਹੈ। ਇਸ ਦਾ ਸ਼ਾਬਦਿਕ ਅਰਥ ਸ਼ਰਧਾ ਨਾਲ ਕੀਤਾ ਕੰਮ ਹੈ। ਇਹ ਇੱਕ ਧਾਰਮਿਕ ਰਸਮ ਹੈ ਜੋ ਆਪਣੇ ਪਿੱਤਰਾਂ ਪ੍ਰਤੀ ਸ਼ਰਧਾ ਪ੍ਰਗਟਾਉਣ ਕਾਰਨ ਲਈ ਪੂਰੀ ਕੀਤੀ ਜਾਂਦੀ ਹੈ। ਬ੍ਰਾਹਮਣਾਂ ਨੂੰ ਭੋਜਨ ਖਵਾਇਆ ਜਾਂਦਾ ਹੈ। ਅੱਸੂ ਦੇ ਮਹੀਨੇ ਇਹ ਤਿਉਹਾਰ ਪੰਦਰਾਂ ਦਿਨ ਚੱਲਦਾ ਹੈ। ਲੋਕ ਵਿਸ਼ਵਾਸ ਹੈ ਕਿ ਇਹ ਸਭ ਪਦਾਰਥ ਅਗਲੇ ਲੋਕਾਂ ਵਿਚ ਪਿੱਤਰਾਂ ਨੂੰ ਪਹੁੰਚਦੇ ਹਨ। ਸ਼ਾਸਤਰਾਂ ਅਨੁਸਾਰ ਹਰ ਹਿੰਦੂ ਦਾ ਇਹ ਧਾਰਮਿਕ ਫ਼ਰਜ਼ ਬਣਦਾ ਹੈ ਕਿ ਉਹ ਸ਼ਰਾਧ ਕਰ ਕੇ ਪਿੱਤਰਾਂ ਦਾ ਰਿਣ ਚੁਕਾਵੇ।

ਦੁਸਹਿਰਾ ਤੇ ਸਾਂਝੀ

ਸ਼ਰਾਧਾਂ ਦੇ ਮੁੱਕਦਿਆਂ ਹੀ ਨਰਾਤੇ ਸ਼ੁਰੂ ਹੋ ਜਾਂਦੇ ਹਨ। ਪਹਿਲੇ ਨਰਾਤੇ ਹੀ ਕੁੜੀਆਂ ਤੌੜੀਆਂ ਵਿਚ ਘੜੋਂਜ਼ੀ ਹੇਠ ਜਾਂ ਉੱਖਲੀ ਵਿੱਚ ਜਾਂ ਕੋਰੇ ਕੁੱਜੇ ਠੂਠੇ ਤੇ ਬੱਠਲਾਂ ਵਿੱਚ ਰੇਤਾ ਪਾ ਕੇ ਜੌਂ ਬੀਜ ਦਿੰਦੀਆਂ ਹਨ। ਇਸ ਨੂੰ ਮਾਤਾ ਗੌਰਜਾਂ ਦਾ ਬਾਗ ਕਿਹਾ ਜਾਂਦਾ ਹੈ, ਤੇ ਹਰ ਰੋਜ਼ ਸਵੇਰੇ ਉੱਠ ਕੇ ਜੌਆਂ ਦੇ ਇਸ ਬਾਗ਼ ਨੂੰ ਮੱਥਾ ਟੇਕ ਕੇ ਪਾਣੀ ਪਾਇਆ ਜਾਂਦਾ ਹੈ। ਦੁਸਹਿਰੇ ਵਾਲੇ ਦਿਨ ਇਹ ਫੁੱਟੀਆਂ ਕਰੂੰਬਲਾਂ ਕੁੜੀਆਂ ਆਪਣੇ ਭਰਾਵਾਂ, ਚਾਚਿਆਂ ਦੇ ਸਿਰ ਟੰਗ ਦਿੰਦੀਆਂ ਹਨ। ਦੁਸਹਿਰੇ ਵਿੱਚ ਦਸਾਂ ਨਰਾਤਿਆਂ ਵਿੱਚ ਰਾਮਲੀਲਾ ਵਿਖਾਈ ਜਾਂਦੀ ਹੈ ਜੋ ਭਗਵਾਨ ਸ਼੍ਰੀ ਰਾਮ ਅਤੇ ਰਾਵਣ ਦੇ ਸੰਘਰਸ਼ ਦਾ ਚਿੱਤਰ ਪੇਸ਼ ਕਰਦੀ ਹੈ।

ਨਰਾਤਿਆਂ ਵਿੱਚ ਇੱਕ ਸਾਂਝੀ ਦਾ ਤਿਉਹਾਰ ਵੀ ਮਨਾਇਆ ਜਾਂਦਾ ਹੈ। ਕੁੜੀਆਂ ਪਹਿਲੇ ਨਰਾਤੇ ਇੱਕ ਕੰਧ ਉੱਤੇ ਗੋਹਾ ਮਿੱਟੀ ਥੱਪ ਕੇ ਇੱਕ ਸਾਂਝੀ ਮਾਈ ਦੀ ਮੂਰਤੀ ਬਣਾ ਲੈਂਦੀਆਂ ਹਨ। ਮੂਰਤੀ ਵਿੱਚ ਕਲਾਤਮਿਕ



ਸੁੰਦਰਤਾ ਭਰਨ ਲਈ ਕਈ ਵਿਧੀਆਂ ਵਰਤੀਆਂ ਜਾਂਦੀਆਂ ਹਨ। ਉਸ ਨੂੰ ਫੁੱਲਾਂ ਕੌਡੀਆਂ ਤੇ ਮੋਤੀਆਂ ਨਾਲ ਸਜਾਇਆ ਤੇ ਗਹਿਣਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ। ਸਾਂਝੀ ਮਾਈ ਦੀ ਪੂਜਾ ਹਰ ਰੋਜ਼ ਸ਼ਾਮ ਵੇਲੇ ਕੀਤੀ ਜਾਂਦੀ ਹੈ। ਕੁੜੀਆਂ ਸਾਂਝੀ ਮਾਈ ਦੇ ਜੱਸ ਵਿੱਚ ਗੀਤ ਗਾਉਂਦੀਆਂ ਹਨ |

ਨੀਂ ਤੂੰ ਜਾਗ ਸਾਂਝੀ ਜਾਗ
ਸਾਡੇ ਜਾਗ ਪੈਣ ਭਾਗ
ਮੈਂ ਆਈ ਤੇਰੇ ਦਵਾਰ
ਮੈਨੂੰ ਤਾਰ ਮਾਈ ਤਾਰ ।

ਕੁੜੀਆਂ ਜੋਤਾਂ ਜਗਾ ਕੇ ਸਾਂਝੀ ਮਾਈ ਦੀ ਆਰਤੀ ਉਤਾਰਦੀਆਂ ਹਨ ਤੇ ਸ਼ੱਕਰ ਤੇ ਤਿਲ ਚੌਲੀ ਰਲਾ ਕੇ ਬਣਾਇਆ ਪ੍ਰਸ਼ਾਦ ਵੰਡਦੀਆਂ ਹਨ।

ਦੁਸਹਿਰੇ ਵਾਲੇ ਦਿਨ ਸਰਘੀ ਵੇਲੇ ਸਾਂਝੀ ਮਾਈ ਦੀ ਮੂਰਤੀ ਨੂੰ ਕਿਸੇ ਟੋਭੇ ਜਾਂ ਨਦੀ ਨਾਲੇ ਵਿੱਚ ਜਲ ਪ੍ਰਵਾਹ ਕੀਤਾ ਜਾਂਦਾ ਹੈ।

ਦੀਵਾਲੀ

ਦੀਵਾਲੀ ਵੀ ਭਗਵਾਨ ਸ੍ਰੀ ਰਾਮਚੰਦਰ ਜੀ ਦੇ ਵਾਪਸ ਅਯੁੱਧਿਆ ਆਉਣ ਦੇ ਸੰਦਰਭ ਵਿੱਚ ਮਨਾਈ ਜਾਂਦੀ ਹੈ। ਲੋਕ ਖੁਸ਼ੀ ਵਿੱਚ ਘਰ ਦੀਵੇ ਜਗਾਉਂਦੇ ਹਨ। ਦੀਵਾਲੀ ਤੋਂ ਪਹਿਲਾਂ ਲੋਕੀ ਘਰਾਂ ਨੂੰ ਲਿਸ਼ਕਾਉਂਦੇ ਤੇ ਪੋਚਦੇ ਹਨ। ਪੰਜਾਬ ਵਿੱਚ ਅੰਮ੍ਰਿਤਸਰ ਦੀ ਦੀਵਾਲੀ ਦੀ ਆਪਣੀ ਨਿਵੇਕਲੀ ਦਿੱਖ ਹੈ।

ਲੋਹੜੀ

ਲੋਹੜੀ ਦਾ ਤਿਉਹਾਰ ਮਾਘ ਦੀ ਸੰਗਰਾਂਦ ਤੋਂ ਇੱਕ ਦਿਨ ਪਹਿਲਾਂ ਆਉਂਦਾ ਹੈ । ਇਉਂ ਲੱਗਦਾ ਹੈ ਜਿਵੇਂ ਲੋਹੜੀ ਸਮੇਂ ਲੋਕ ਪੋਹ ਦੀ ਕਹਿਰ



ਭਰੀ ਠੰਢ ਤੋਂ ਬਚਣ ਦਾ ਜਸ਼ਨ ਮਨਾਉਂਦੇ ਹੋਣ। ਮਾਘੀ ਨੂੰ ਮੁੜ ਕੇਸੀ ਇਸ਼ਨਾਨ ਤੱਕ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਲੋਹੜੀ ਤੱਕ ਫੈਲਿਆ ਦਲਿੱਦਰ ਦੂਰ ਹੋ ਜਾਂਦਾ ਹੈ। ਇਸੇ ਲਈ ਲੋਹੜੀ ਦੀ ਅੱਗ ਦੁਆਲੇ ਇਹ ਤੁਕਾਂ ਉਚਾਰੀਆਂ ਜਾਂਦੀਆਂ ਹਨ।

ਈਸ਼ਵਰ ਆਏ ਦਲਿੱਦਰ ਜਾਏ
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਏ ।

ਲੋਹੜੀ ਦੇ ਤਿਉਹਾਰ ਨਾਲ ਸਭ ਤੋਂ ਵੱਧ ਗੀਤ ਜੁੜੇ ਹੋਏ ਹਨ। ਅਰਥਾਤ ਇਹ ਵਧੇਰੇ ਖ਼ੁਸ਼ੀਆਂ ਤੇ ਸ਼ੁਭ ਆਗਮਨ ਦਾ ਤਿਉਹਾਰ ਹੈ। ਜਿਸ ਘਰ ਵਿੱਚ ਮੁੰਡਾ ਹੁੰਦਾ ਹੈ ਉਸ ਘਰੋਂ ਗੁੜ, ਪੈਸੇ ਤੇ ਹੋਰ ਖਾਣ-ਪੀਣ ਦਾ ਸਾਮਾਨ ਬੱਚੇ ਤੇ ਜਵਾਨ ਮੰਗਦੇ ਹਨ। ਇਸ ਤਿਉਹਾਰ ਦਾ ਸੰਬੰਧ ਦੁੱਲਾ ਭੱਟੀ ਦੀ ਲੋਕ ਕਥਾ ਨਾਲ ਵੀ ਜੋੜਿਆ ਜਾਂਦਾ ਹੈ। ਛੋਟੇ ਛੋਟੇ ਬੱਚਿਆਂ ਦੀਆਂ ਟੋਲੀਆਂ ਗੀਤ ਗਾਉਂਦੀਆਂ ਬੜੀਆਂ ਪਿਆਰੀਆਂ ਲੱਗਦੀਆਂ ਹਨ :

ਕੋਠੀ ਹੇਠ ਚਾਕੂ
ਗੁੜ ਦੇਊ ਮੁੰਡੇ ਦਾ ਬਾਪੂ
ਕੋਠੇ ਉੱਤੇ ਕਾਂ ਗੁੜ ਦੇਵੇ ਮੁੰਡੇ ਦੀ ਮਾਂ

ਕੌਮੀ ਪੱਧਰ ਉੱਤੇ ਤਿਉਹਾਰ ਦੀਵਾਲੀ, ਦੁਸਹਿਰਾ, ਲੋਹੜੀ, ਜਨਮਾਸ਼ਟਮੀ, ਰਾਮਨੌਮੀ, ਈਦ, ਕ੍ਰਿਸਮਿਸ, ਗੁਰਪੁਰਬ, ਮਾਘੀ, ਬਸੰਤ ਪੰਚਮੀ, ਰੱਖੜੀ, ਸ਼ਿਵਰਾਤਰੀ, ਕਰੂਆ ਤੇ ਚੱਕਰੀ ਤੇ ਵਰਤਾਂ ਨਾਲ ਜੁੜੇ ਭਾਵ ਜਾਂ ਮਹਾਤਮ ਲਗਪਗ ਹਰ ਥਾਂ ਉੱਤੇ ਇੱਕੋ ਜਿਹੇ ਹੀ ਹਨ। ਦੀਵਾਲੀ ਨੂੰ ਜ਼ੋਰ ਸ਼ੋਰ ਨਾਲ ਮਨਾਉਣ ਦਾ ਕਾਰਨ ਲੱਛਮੀ ਦੇਵੀ ਨੂੰ ਪ੍ਰਸੰਨ ਕਰਨਾ ਮੰਨਿਆ ਜਾਂਦਾ ਹੈ।

ਮਾਘੀ ਨੂੰ ਸਵੇਰੇ ਕੇਸੀ ਇਸ਼ਨਾਨ ਕਰਨ ਪਿੱਛੋਂ ਲੋਕ ਵਿਸ਼ਵਾਸ ਸੋਨੇ ਦੇ ਵਾਲ ਕਰਨ ਦਾ ਹੁੰਦਾ ਹੈ। ਕਰੂਆ, ਪਤੀ ਦੀ ਸਲਾਮਤੀ ਲਈ, ਝੱਕਰੀਆਂ ਪੁੱਤ ਦੀ ਸਲਾਮਤੀ ਲਈ, ਅਤੇ ਰੱਖੜੀ ਭਰਾ ਦੀ ਸਲਾਮਤੀ ਲਈ ਕ੍ਰਮਵਾਰ ਪਤਨੀ, ਮਾਂ ਅਤੇ ਭੈਣ ਵੱਲੋਂ ਕੀਤੇ ਗਏ ਕਰਮ ਕਾਂਡ ਨਾਲ ਸਬੰਧ ਰੱਖਦੇ ਤਿਉਹਾਰ ਹਨ। ਇਉਂ ਤਿਉਹਾਰਾਂ ਦੇ ਆਯੋਜਨ ਸਮੇਂ ਸਮਾਨਤਾ ਤੇ ਆਂਸ਼ਿਕ ਵਖਰੇਵੇਂ ਦੀ ਝਲਕ ਬਰਾਬਰ ਕਾਇਮ ਰਹਿੰਦੀ ਹੈ। ਫੱਗਣ ਦੇ ਮਹੀਨੇ ਸ਼ਿਵਰਾਤਰੀ ਅਤੇ ਹੋਲੇ ਮਹੱਲੇ ਦਾ ਮਨੋਰੰਜਨ ਭਰਿਆ ਤਿਉਹਾਰ ਹੁੰਦਾ ਹੈ। ਇਉਂ ਤਿਉਹਾਰਾਂ ਦਾ ਇਹ ਸਿਲਸਿਲਾ ਲਗਾਤਾਰ ਚੱਲਦਾ ਰਹਿੰਦਾ ਹੈ। ਸਾਲ ਦੇ ਬਾਰਾਂ ਮਹੀਨੇ ਵਿੱਚੋਂ ਸ਼ਾਇਦ ਹੀ ਕੋਈ ਮਹੀਨਾ ਖਾਲੀ ਜਾਂਦਾ ਹੋਵੇ, ਜਿਸ ਵਿੱਚ ਤਿਉਹਾਰ ਨਾ ਹੋਣ।

ਇਸ ਪ੍ਰਕਾਰ ਲੋਕਧਾਰਾ ਦੀ ਇਹ ਨਿਰੰਤਰ ਵਹਿੰਦੀ ਧਾਰਾ ਲੋਕਾਂ ਦੇ ਜੀਵਨ ਵਿੱਚ ਤਾਜ਼ਗੀ ਅਤੇ ਉਮੰਗਾਂ ਦਾ ਸੰਦੇਸ਼ ਲੈ ਕੇ ਆਉਂਦੀ ਹੈ ਤੇ ਲੋਕ ਸਮੂਹ ਨੂੰ ਜ਼ਿੰਦਗੀ ਜਿਊਣ ਦੀ ਇਹ ਪ੍ਰੇਰਨਾ ਦਿੰਦੀ ਹੈ ਕਿ ਇਸ ਤੋਂ ਮਾਯੂਸ ਹੋਣ ਦੀ ਨਹੀਂ ।

ਸਮਾਂ ਬਦਲਦਾ ਹੈ- ਸਮਾਜ ਬਦਲ ਜਾਂਦਾ ਹੈ— ਸਮਾਜਿਕ ਕਦਰਾਂ-ਕੀਮਤਾਂ ਬਦਲ ਜਾਂਦੀਆਂ ਹਨ, ਰਸਮ-ਰਿਵਾਜ ਬਦਲ ਜਾਂਦੇ ਹਨ— ਲੋੜਾਂ ਬਦਲਦੀਆਂ ਹਨ- ਮਨੋਰੰਜਨ ਦੇ ਸਾਧਨ ਬਦਲ ਜਾਂਦੇ ਹਨ ਇੱਥੋਂ ਤੱਕ ਕਿ ਜੀਵਨ ਦੀ ਰੱਦੋਬਦਲ ਨਾਲ ਤਿਉਹਾਰ ਵੀ ਬਦਲ ਜਾਂਦੇ ਹਨ- ਪਰ ਇਨ੍ਹਾਂ ਤਿਉਹਾਰਾਂ ਨਾਲ ਜੁੜੀ ਸਾਡੀ ਸਾਂਝ ਕੁਝ ਹੱਦ ਤੱਕ ਬਣੀ ਰਹਿੰਦੀ ਹੈ। ਇਸ ਸਾਂਝ ਨੂੰ ਵੇਖ ਕੇ ਮਨ ਆਪ-ਮੁਹਾਰੇ ਕਹਿ ਉੱਠਦਾ ਹੈ— ਸਾਰਾ ਹਿੰਦੁਸਤਾਨ ਇੱਕ ਹੈ— ਸਾਡੇ ਜੀਵਨ ਅਤੇ ਸੱਭਿਆਚਾਰ ਵਿੱਚ ਇੱਕ ਅਤੁੱਟ ਸਾਂਝ ਹੈ। ਸਾਡੇ ਦੁੱਖ ਸਾਂਝੇ ਹਨ— ਸਾਡੇ ਸੁੱਖ ਸਾਂਝੇ ਹਨ। ਭੂਗੋਲਿਕ ਅਤੇ ਰਾਜਨੀਤਿਕ ਝਗੜਿਆਂ ਦੇ ਹੁੰਦੇ ਹੋਏ ਵੀ ਸਾਡੇ ਵਿੱਚ ਇੱਕ ਜੀਵਨ ਰੌਂ ਰੁਮਕਦੀ ਹੈ। ਸਾਡੇ ਤਿਉਹਾਰ ਸੁਰਜੀਤ ਹਨ, ਸੁਰਜੀਤ ਰਹਿਣਗੇ। ਲੋੜ ਇਸ ਗੱਲ ਦੀ ਹੈ ਕਿ ਇਨ੍ਹਾਂ ਵਿਚਲੇ ਮਹੱਤਵ ਨੂੰ ਪਹਿਚਾਣਿਆ ਜਾਵੇ।

# ਚੜ੍ਹਦਾ ਅਤੇ ਲਹਿੰਦਾ ਪੰਜਾਬ

ਕਾਸ਼! ਵੇ ਰੱਬਾ! ਮੁੜ ਹੋਣਇਕੱਠੇ ਲਹਿੰਦਾ ਅਤੇ ਚੜ੍ਹਦਾ ਪੰਜਾਬ,
ਮੁੜ ਹੋ ਜਾਣ ਖ਼ੁਸ਼ੀਆਂ ਨਾਲ਼ ਇਕੱਠ ਭਰੇ ਅਤੇ ਪੂਰੇ ਹੋਣਖ਼ਵਾਬ।

ਮੁੱਕ ਜਾਣ ਘੜੰਮ ਚੌਧਰੀ ਦੀਆਂ ਨਫ਼ਰਤਾਂ ਜਿਸ  ਪਾ ਦਿੱਤੇ ਪਾੜ੍ਹੇ,
ਅਤੇ ਲੁਟੇਰਿਆਂ ਮੂਹਰੇ ਕੱਢੇ ਨਾ ਕੋਈ ਸ਼ਰਾਫ਼ਤ ਖ਼ਾਲੀ ਹੱਥ ਹਾੜੇ।

ਢਹਿ ਜਾਣ ਫ਼ਰਕਾਂ ਨਾਲ਼ ਭਾਰ ਪਾਉਂਦੀਆਂ ਉੱਚੀਆਂ ਯਾਰੋ ਕੰਧਾਂ,
ਅਤੇ ਮੁੜ ਹੱਸਦੀਆਂ ਖੇਡਦੀਆਂ ਹੋਣ  ਮੋਹ ਨਾਲ਼ ਭਿੱਜੀਆਂ ਤੰਦਾਂ।

ਟੁੱਟ ਜਾਣ ਭੱਜ ਜਾਣ ਇਹੀ ਕੰਡਿਆਂ ਨਾਲ਼ ਬੱਝੀਆਂ ਜੋ ਸਰਹੱਦਾਂ,
ਅਤੇ ਹਮੇਸ਼ਾਂ ਹੀ ਉਸਰੀਆਂ ਹੋਣ ਸਿਰਫ਼ ਨਿੱਘ ਦੇਂਦੀਆਂ ਜੋ ਹੱਦਾਂ।

ਉਸਰੇ ਨਾ ਮੁੜ  ਜਾਵੇ ਤਬਾਹੀਆਂ ਦੀ ਵਰਤਾਰਾ ਦੱਸਦੀ ਦੀਵਾਰ,
ਅਤੇ ਸਭ ਦੇ ਮਨ ਵਿੱਚ ਪਿਆਰ ਦੀ ਗੱਲ ਕਰਦੀ ਹੋਵੇ ਭਰਮਾਰ।

ਦਿਖਣ ਨਾ ਕਿਧਰੇ ਵੀ ਭਾਵਨਾਵਾਂ ਨੂੰ ਘੁੰਮਣਘੇਰੀ ਪਾਉਂਦੇ  ਬੋਲ,
ਅਤੇ  ਮੁੜ ਹਰ ਵੇਲੇ ਜਿਹੜਾ ਬੇਈਮਾਨ ਨਾ ਹੋ ਰੱਖੇ ਸੱਚ ਫ਼ਰੋਲ।

ਜਿਊਂਦੀ ਰਹੇ ਦੋਹਾਂ ਪੰਜਾਬਾਂ ਦੀ ਇਹ ਜੋ ਯਾਰੋ ਜ਼ਰਖ਼ੇਜ਼ ਹੈ ਮਿੱਟੀ,
ਅਤੇ ਜਿਊਂਦੇ ਰਹਿਣ ਲੋਕ ਦੋਵੇਂ ਮੁਲਕਾਂ ਦੇ ਸੋਚ ਰੱਖਣ ਨਾ ਫਿੱਟੀ।

ਕਾਸ਼! ਇਹੀ ਲਹਿੰਦਾ ਅਤੇ ਚੜ੍ਹਦਾ ਪੰਜਾਬ ਮੁੜ ਹੋਣ ਇੱਕ ਮਿੱਕ,
ਅਤੇ ਸ਼ਮਸ਼ੀਲ ਵਖਰੇਵੇਂ ਨੂੰ ਭੁੱਲ ਕੇ ਹਰ ਪਾਸੇ ਲੋਕੀ ਜਾਣ ਟਿਕ।

ਮੁੜ ਦੋਨੋਂ ਮੁਲਕਾਂ ਦੀਆਂ ਦਹਿਲੀਜ਼ਾਂ ਉੱਤੇ ਖਿੜੇ ਹੋਣ ਸੋਹਣੇ ਫੁੱਲ,
ਅਤੇ ਇਹਨਾਂ ‘ਚ ਰਹਿੰਦੇ ਲੋਕ ਜ਼ਿੰਦਾਬਾਦ ਬੋਲ ਵਿਕਣ ਨਾ ਮੁੱਲ।



**ਸ਼ਮਸ਼ੀਲ**
**ਸਿੰਘ ਸੋਢੀ**
ਚੰਡੀਗੜ੍ਹ



# ਪਿਆਰੇ ਪ੍ਰੋ. ਪਿਆਰਾ ਸਿੰਘ ਪਦਮ

( ਕਾਵਿ ਚਿੱਤਰ )

ਸਾਹਿਤ ਸਿਰਜਣਾ, ਨਹੀਓ ਕੋਈ ਰਾਹ ਸੁਖ਼ਾਲਾ,
ਹੱਥੀ ਕਿਰ੍ਤ ਪਰ ਸੋਚ ਕੇ ਵਧਾਈਂ ਆਪਣੇ ਕਦਮ।

ਹਰ ਲੇਖਣੀ ਦੇ ਲਿਖਣ ਵਾਲੜੇ ਨੂੰ ਮੇਰਾ ਸਲਾਮ,
ਸੋ ਸਾਲ ਪਹਿਲਾਂ ਆਏ, ਪਿਆਰਾ ਸਿੰਘ ਪਦਮ।

ਅੰਗਰੇਜ਼ੀ ਹਕੂਮਤ ਹੈ ਸੀ, ਅਣ-ਵੰਡਿਆ ਪੰਜਾਬ,
ਜਨਮ 28 ਦਸੰਬਰ 1921ਈ ਪਿੰਡ ਘੁੱਗਰਾਣਾ।

ਕਾਮੇ,ਕਿਰ੍ਤੀ, ਕਿਰ੍ਸਾਨੀ, ਉਦਯੋਗਿਕਾਂ ਦੀ ਧਰਤੀ,
ਗੁਰਨਾਮ ਸਿੰਘ ਘਰੀ ਜਨਮੇ ਜ਼ਿਲ੍ਹਾ ਲੁਧਿਆਣਾ।

ਲਿਖਣੇ ਦੇ ਜਨੂੰਨ ਅੰਦਰ, ਕਰਨ ਸਮਾਂ ਨਿਛਾਵਰ,
ਸਮਾਜ ਲਈ ਹਿਤੈਸ਼ੀ, ਰਹਿੰਦਾ ਹਰ ਸਾਹਿਤਕਾਰ।

ਖਾਣ ਪੀਣ ਸੋਣਾਂ ਭੁਲੇ ਹੁੰਦੇ ਦੁਨੀਆਂ ਤੋਂ ਬੇ-ਖ਼ਬਰ,
ਚਿਤ-ਚੇਤੇ ਆਇਆ, ਲਿਖਿਆ ਆਉਂਦਾ ਕਰਾਰ।

ਹੱਡ ਬੀਤੀ ਆਪਣੀ, ਕਹਾਣੀ ਕਾਗਜ਼ੀ ਉਕੇਰਨਾ,
ਬਾਤ ਅੰਦਰੋਂ ਕੱਢਣੀ ਜਣੇਪੇ ਜਿਹੀ ਪੀੜ ਜਰਨਾ।

ਪੜ੍ਹਨ ਵਾਲਾ ਸੋਚੇ, ਇਹ ਤਾਂ ਮੇਰੀ ਦਿਲੀ ਅਵਸਥਾ,
ਲਿਖਾਰੀ ਦੀ ਖੂਬੀ ਪਾਠਕ ਤਾਈ ਅਨੰਦਿਤ ਕਰਨਾ।

ਸਿਰਜਣਾ ਲਈ ਸਿਰੜਤਾ ਨੇ ਖੂਬ ਚਲਾਈ ਕਲਮ,
82 ਪੁਸਤਕਾਂ, ਪੰਜਾਬੀ ਬੋਲੀ ਦੀ ਝੋਲੀ ਪਾਈਆਂ।

ਲੋਅਰ ਮਾਲ ਸੀ, ਪਟਿਆਲਾ ਟਿਕਾਣਾ ਬਣਾਇਆ,
ਰਿਹਾਇਸ਼ ਕਲਮ-ਮੰਦਰ, ਸ਼ੋਹਰਤਾਂ ਹਿੱਸੇ ਆਈਆਂ।

ਭਾਸ਼ਾ ਵਿਭਾਗੀ ਸੇਵਾ, ਮਿਲਿਆ ਸ਼੍ਰੋਮਣੀ ਪੁਰਸਕਾਰ,
'ਹਰਿੰਦਰ' ਜੀਵਨ ਯਾਤਰਾ ਪੂਰਨ, ਚਾਹੇ ਰੰਕ-ਰਾਜੇ।

ਅਸੀ ਸਾਲ ਉਮਰਾਂ ਧਾਰਮਿਕ ਬਿਰਤੀ ਸ਼ਾਤ ਸੁਭਾਅ,
ਪਹਿਲੀ ਮਈ 2001, ਨੂੰ ਗੁਰੂ ਚਰਨੀ ਜਾ ਬਿਰਾਜੇ।

**ਹਰਿੰਦਰ ਪਾਲ ਸਿੰਘ**
ਮੋਹਾਲੀ




# ਘਾਹ

ਮਿੱਤਰਾ !
ਤੂੰ ਘਾਹ ਲਾਉਨੈਂ
ਪਾਣੀ ਪਾਉਨੈਂ, ਖਾਦ ਪਾਉਨੈਂ
ਬੜਾ ਵਧੀਆ, ਹਰਾ ਹਰਾ ਘਾਹ ਉੱਗਦਾ ਹੈ
ਫਿਰ ਹੌਲ਼ੀ-ਹੌਲ਼ੀ, ਡੈਂਡੀਲਾਇਨ ਅਤੇ
ਉਹਦੇ ਰਿਸ਼ਤੇਦਾਰ ਘਾਹ ਵਿਚ ਆਪਣਾ
ਰਹਿਣ-ਸਵੈਣ ਬਣਾ ਲੈਂਦੇ ਨੇ

ਤੈਨੂੰ ਬਹੁਤ ਮਾੜੇ ਲਗਦੇ
ਤੂੰ ਬਹੁਤ ਗੁੱਸੇ ਵਿਚ ਆਉਂਦਾ ਹੈਂ
ਕੋਲਿਆਂ ਵਾਂਗ ਭਖਣ ਲਗਦਾ ਹੈਂ
ਤੇਰੇ 'ਚੋਂ ਸੇਕ ਮਾਰਦਾ ਹੈ
ਫਿਰ ਤੂੰ ਉਹਨਾਂ ਦਾ ਕਤਲ ਕਰਨ ਲਈ
ਸਕੀਮਾਂ ਬਣਾਉਂਦਾ ਹੈਂ
ਸਵੇਰੇ-ਸਵੇਰੇ ਸਟੋਰ ਵੱਲ ਭਜਦਾ ਹੈਂ
ਉੱਥੋਂ ਵੀਡ-ਕਿਲਰ ਤੇ ਰਾਉਂਡ-ਅੱਪ ਵਰਗੇ
ਹਥਿਆਰ ਖਰੀਦ ਲੈਂਦਾ ਹੈਂ
ਤੇ ਉਹਨਾਂ ਦਾ ਕਤਲ ਕਰ ਦਿੰਦਾ ਹੈਂ

ਤੈਨੂੰ ਪਤਾ ਹੈ, ਉਹਨਾਂ ਨੂੰ ਮਾਰਨ ਲਈ
ਇਸ ਅੱਗ ਨਾਲ਼ ਤੂੰ ਕਿੰਨੇ ਹੋਰ ਕਤਲ ਕਰਦਾ
ਕਿੰਨੇ ਹੋਰ ਜੀਵ-ਜੰਤ ਮਾਰਦਾ ਹੈਂ
ਕੁਦਰਤ ਦਾ ਸਮੀਕਰਨ
ਖ਼ਰਾਬ ਕਰ ਦਿੰਦਾ ਹੈਂ
ਸਿਰਫ ਇਸ ਲਈ ਕਿ
ਲੋਕ ਕਹਿਣ,
'ਤੇਰਾ ਲਾਅਨ ਕਿੰਨਾ ਸੋਹਣਾ ਹੈ'





ਤੂੰ ਇਸ ਤਰ੍ਹਾਂ ਨਾਂ ਕਰਿਆ ਕਰ
ਅਮੀਰ ਲੋਕ ਵੀ ਝੌਂਪੜੀਆਂ ਨੂੰ
ਏਸੇ ਤਰ੍ਹਾਂ ਹੀ ਸਾੜਦੇ ਨੇ
ਉਹ ਵੀ ਲੋਕਾਂ ਤੋਂ, ਇਹ ਸੁਣਨਾ ਚਾਹੁੰਦੇ ਨੇ
'ਕਿੰਨੇ ਵਧੀਆ ਇਲਾਕੇ ਵਿਚ ਘਰ ਹੈ'
ਉਹਨਾਂ ਨੂੰ ਵੀ ਇਹ ਝੌਂਪੜੀਆਂ
ਵੀਡਜ਼ ਦੀ ਤਰ੍ਹਾਂ ਲਗਦੀਆਂ
ਉਹ ਵੀ ਤੇਰੇ ਵਾਂਗ
ਬੁਲਡੋਜ਼ਰਾਂ ਨਾਲ਼ ਢਾਹੁੰਦੇ ਹਨ
ਅੱਗ ਨਾਲ ਸਾੜਦੇ ਹਨ
ਝੌਂਪੜੀਆਂ ਦਾ ਨਾਮੋ-ਨਿਸ਼ਾਨ ਮਿਟਾਉਂਦੇ ਹਨ
ਤੂੰ ਇਸ ਤਰ੍ਹਾਂ ਨਾਂ ਕਰਿਆ ਕਰ

ਤੂੰ ਖ਼ਰੀਦੇ ਹਥਿਆਰਾਂ ਨਾਲ਼ ਕਤਲ ਕਰ ਸਕਦੈਂ
ਹਰ ਰੋਜ਼, ਹਰ ਵਕਤ, ਜਦੋਂ ਮਰਜ਼ੀ, ਕਰ ਸਕਦੈਂ
ਤੂੰ ਕੁਦਰਤ ਦਾ ਦੁਸ਼ਮਣ ਬਣ ਕੇ
ਲੋਕਾਂ ਨੂੰ ਖੁਸ਼ ਨਹੀਂ ਕਰ ਸਕਦਾ

ਤੂੰ ਕਦੇ ਸੋਚਿਐ
ਤੇਰੇ ਦਿਮਾਗ ਵਿੱਚ
ਕਿੰਨੀ ਤਰ੍ਹਾਂ ਦੇ ਵੀਡਜ਼ ਨੇ ?
ਰੀਤਾਂ-ਰਿਵਾਜਾਂ
ਧਰਮ, ਜਾਤ-ਪਾਤ
ਉਚ-ਨੀਚ, ਛੂਤ-ਛਾਤ
ਅਮੀਰੀ-ਗਰੀਬੀ, 'ਕਾਲ਼ੇ-ਪੀਲ਼ੇ ਲੋਕ'

ਜੇ ਤੂੰ ਮਾਰਨੇ ਹੀ ਹਨ
ਕਿਸੇ "ਸੰਨੀ ਡੇਅ" ਵਾਲੇ ਦਿਨ
ਇਹ ਵੀਡਜ਼ ਮਾਰਨੇ ਸੁਰੂ ਕਰ
ਇਹਨਾਂ 'ਤੇ ਰਾਊਂਡ-ਅੱਪ ਦੀ ਸਪਰੇਅ ਕਰ
ਮਨੁੱਖਤਾ ਨੂੰ ਫ਼ਾਇਦਾ ਹੋਏਗਾ
ਫਿਰ ਲੋਕ ਕਹਿਣਗੇ
'ਤੇਰੇ ਦਿਮਾਗ ਦਾ ਲਾਅਨ
ਬੜਾ ਵਧੀਆ ਲੱਗਦਾ ਹੈ'

ਸਾਨੂੰ ਵੀ ਦੱਸਦੇ
ਤੂੰ ਕਿਹੜੇ ਵੀਡ ਕਿਲਰ ਵਰਤੇ ਹਨ ?

ਸਾਨੂੰ ਵੀ ਦੱਸਦੇ
ਤੂੰ ਕਿਹੜੇ ਵੀਡ ਕਿਲਰ ਵਰਤੇ ਹਨ?



**ਸਨੀ ਧਾਲੀਵਾਲ**
ਮੋਹਾਲੀ

# ਪੰਜਾਬ ਦੇ ਤਿਉਹਾਰ

ਲੋਹੜੀ ਮਨਾ ਕੇ ਜਾਂਦੇ ਮਾਘੀ ਦੇ ਮੇਲੇ,
ਬਸੰਤ ਰੁੱਤ ਲੈ ਆਉਦੀ ਨਵੀ ਬਹਾਰ।
ਹੋਲੀ ਦੇ ਦਿਨ ਚੜ੍ਹਨ ਰੰਗ ਖੁਸ਼ੀਆ ਦੇ,
ਵਿਸਾਖੀ ਦੇ ਵੇਲੇ ਫ਼ਸਲ ਹੋਜੇ ਤਿਆਰ।
ਹਰ ਦਿਨ ਖੁਸ਼ੀਆ ਲੈ ਕੇ ਆਉਦੇ,
ਪੰਜਾਬ ਦੇ ਵੱਖੋ-ਵੱਖਰੇ ਜੋ ਤਿਉਹਾਰ।

ਜੂਨ 'ਚ ਵਾਤਾਵਰਨ ਦਿਵਸ ਮਨਾਈਏ,
ਕੁਦਰਤ 'ਚ ਆ ਜਾਂਦਾ ਏ ਨਿਖ਼ਾਰ।
ਸਾਉਣ ਮਹੀਨੇ ਭੈਣ ਲਿਆਵੇ ਰੱਖੜੀ,
ਤੀਆਂ 'ਚ ਰੌਣਕ ਲੱਗਦੀ ਹਰ ਵਾਰ।
ਹਰ ਦਿਨ ਖੁਸ਼ੀਆ ਲੈ ਕੇ ਆਉਦੇ,
ਪੰਜਾਬ ਦੇ ਵੱਖੋ-ਵੱਖਰੇ ਜੋ ਤਿਉਹਾਰ।

ਸਾਂਝੀ ਦੇ ਬਾਅਦ ਆਉਂਦਾ ਦੁਸਹਿਰਾ,
ਦੁਸਹਿਰੇ ਮਗਰੋਂ ਦੀਵਾਲੀ ਤਿਆਰ।
ਪੋਹ ਮਹੀਨਾ ਸਾਰਾ ਸ਼ਹਾਦਤਾਂ ਦਾ ਹੀ,
ਦੱਸੇ ਇਤਿਹਾਸ ਬਹਾਦਰੀ ਦੇ ਨਾਲ।
ਹਰ ਦਿਨ ਖੁਸ਼ੀਆ ਲੈ ਕੇ ਆਉਦੇ,
ਪੰਜਾਬ ਦੇ ਵੱਖੋ-ਵੱਖਰੇ ਜੋ ਤਿਉਹਾਰ।

ਹਰ ਮਹੀਨੇ ਆਉਂਦੇ ਤਿਉਹਾਰ ਨੇ,
ਲੈ ਆਉਂਦੇ ਨੇ ਖੁਸ਼ੀਆ ਦੀ ਬਹਾਰ।
ਗੱਲ ਹੁੰਦੀ ਏ ਜਦੋਂ ਤਿਉਹਾਰਾਂ ਦੀ,
ਨਾਂ ਪੰਜਾਬ ਦਾ ਆਉਂਦਾ ਹਰ ਵਾਰ।
ਹਰ ਦਿਨ ਖੁਸ਼ੀਆ ਲੈ ਕੇ ਆਉਦੇ,
ਪੰਜਾਬ ਦੇ ਵੱਖੋ-ਵੱਖਰੇ ਜੋ ਤਿਉਹਾਰ।



ਸੁਖਪ੍ਰੀਤ ਕੌਰ
ਖਹਿਰਾ



# ਵਿਸਾਖੀ

ਹਰਿਆਲੀ ਧਰਤੀ ਵਿੱਚ ਵਚੇਰੇ, ਕਣਕਾਂ ਦੇ ਇਹ ਖੇਤ ਸੁਨਹਿਰੇ,
ਆਈ ਵਿਸਾਖੀ ਇਹ ਵੇਖੋ ਸਾਰੇ, ਬੀਜੀਆਂ ਕਣਕਾਂ ਸੀ ਹੱਥਾਂ ਨਾਲ ।
ਸੋਹਣਿਆਂ ਕਿੰਨਾ ਕੀਤਾ ਕਮਾਲ, ਮਾਵਾਂ ਵਰਗਾ ਕੀਤਾ ਮਲਹਾਰ
ਮਿਹਨਤ ਕੀਤੀ ਮਿੱਟੀਆਂ ਚੁੱਮੀਆਂ, ਦੇਈਂ ਫਸਲਾਂ ਸਮੇਂ ਦੀ ਭਾਲ ।
ਸਿੰਚ-ਸਿੰਚ ਕੇ ਪਾਲੀਆਂ, ਪਾਣੀ ਖ਼ੂਨ ਪਸੀਨੇ ਨਾਲ,
ਮਾਲਕਾਂ ਇਹ ਰਹਿਮਤ ਤੇਰੀ, ਤੂੰ ਵਧਾਈ ਅੱਜ ਮਿਹਨਤ ਮੇਰੀ।
ਚੱਲ ਝੂਮ ਲਈਏ ਕੁਝ ਖਾਈਏ ਭੰਗੜਾ, ਪੈਲਾਂ ਪਾਉਂਦੀ ਆਈ ਵਿਸਾਖੀ,
ਨਵੀਂ ਫ਼ਸਲ ਦਾ ਨਵਾਂ ਸਵੇਰਾ, ਉਪਰ ਅਸਮਾਨ ਤੇ ਥੱਲੇ ਵਿਹੜਾ।
ਚੱਲੋ ਨੀਂ ਹੁਣ ਖੇਤਾਂ ਨੂੰ ਚੱਲੀਏ, ਕੱਟੀਏ ਫ਼ਸਲਾਂ ਨੱਚੀਏ ਟੱਪੀਏ,
ਝੂਮਰ ਪਈਏ ਤੇ ਟੱਪੇ ਗਈਏ, ਅੱਜ ਦਿਨ ਆਇਆ ਭਾਗਾਂ ਵਾਲਾ।
ਝੂਮਦਾ ਗਾਉਂਦਾ ਅੱਜ ਪਿੰਡ ਸਾਰਾ, ਢੋਲ ਵਜਾਉਂਦੇ ਹੁਣ ਨਾ ਰੋਕੀਂ,
ਪੈਂਲਾਂ ਪਾਉਂਦੀ ਆਈ ਵਿਸਾਖੀ, ਝੂਮ ਝੂਮ ਲਹਿਰਾਉਂਦੀ ਆਈ ਵਿਸਾਖੀ।

# ਬੱਦਲ਼ਾ ਸਾਵਣ ਵਾਲ਼ਿਆ !


*ਡਾ. ਗੁਰਮਿੰਦਰ ਸਿੱਧੂ*


ਬੱਦਲ਼ਾ ਸਾਵਣ ਵਾਲ਼ਿਆ ! ਕਿਹੜੇ ਗਿਰਾਂ ਤੋਂ ਚੱਲਿਐਂ ?
ਕਿਸ ਜਲ-ਪਰੀ ਨੇ ਪਿਆਰ ਦੀ ਗਾਗਰ ਚੁਕਾ ਕੇ ਘੱਲਿਐਂ ?
ਜਿੱਥੇ ਵੀ ਡੁੱਲਹ੍ਦੈ, ਧਰਤ ਸਾਵੀ ਰੰਗ ਦਿੰਦਾ ਹੈਂ
ਧੁੱਪ ਦੇ ਜੂੜੇ 'ਚ ਕਿਣਮਿਣ ਟੰਗ ਦਿੰਦਾ ਹੈਂ
ਅੰਨ ਦਿੰਦਾ ਹੈਂ, ਤੂੰ ਖੀਰਾਂ-ਖੰਡ ਦਿੰਦਾ ਹੈਂ
ਗੁੰਗੀਆਂ ਜੀਭਾਂ ਨੂੰ, ਹੇਕਾਂ ਵੰਡ ਦਿੰਦਾ ਹੈਂ

ਸਾਂਵਲੇ ਸਲੋਨਿਆ ! ਲ਼ਹਿਰਾ ਕੇ ਆ ਗਿਉਂ
ਕਣੀਆਂ ਦਾ ਸਿਹਰਾ ਮੱਥੇ 'ਤੇ ਸਜਾ ਕੇ ਆ ਗਿਉਂ
ਗਲ਼ 'ਚ ਬਿਜਲੀਆਂ ਦਾ ਕੈਂਠਾ ਪਾ ਕੇ ਆ ਗਿਉਂ
ਭਾਬੀਆਂ ਦੇ ਸੁਰਮੇ ਨੂੰ ਮਟਕਾ ਕੇ ਆ ਗਿਉਂ
ਤੇਰੇ ਉਤਾਰੇ ਵਾਸਤੇ ਸਜੀਆਂ ਨੇ ਮਹਿਫ਼ਲਾਂ
ਸਾਵਣ ਦੇ ਮੇਲੇ, ਤੀਆਂ, ਗਿੱਧੇ, ਲ਼ੱਖਾਂ ਰੌਣਕਾਂ

ਤੇਰੇ ਆਉਣ 'ਤੇ ਰੰਗ ਰਚਣੈਂ, ਇਸ ਕਾਇਨਾਤ ਵਿੱਚ
ਫੁੱਲਾਂ ਨੇ ਖਿੜ-ਖਿੜ ਹੱਸਣੈਂ, ਧਰਤੀ ਪਰਾਂਤ ਵਿੱਚ
ਮੋਰਾਂ ਨੇ ਛਮ-ਛਮ ਨੱਚਣੈਂ, ਤੇਰੀ ਬਰਾਤ ਵਿੱਚ
ਕਿਸੇ ਗੀਤ ਨੇ ਘੁੰਡ ਚੱਕਣੈਂ, ਦਿਲ ਦੀ ਸਬਾਤ ਵਿੱਚ

ਵਰਹ੍ ਜਾ! ਕਿ ਹੁਣ ਤਾਂ ਅਗਨ ਨੇ ਰੂਹਾਂ ਨੂੰ ਰਾੜ੍ਹਿਆ
ਕਿ ਜੱਗ ਨੇ ਗੁੱਡੀਆਂ ਦੀ ਥਾਂ, ਕੁੜੀਆਂ ਨੂੰ ਸਾੜਿਆ
ਕਰ ਲੈ ਉਤਾਰੇ ਸੋਹਣਿਆ ! ਬਰਸਾਤਾਂ ਵਾਲ਼ਿਆ!
ਕਰ ਦੇ ਸੁਹਾਗਣ ਧਰਤ ਨੂੰ ! ਅਲਬੇਲੇ ਲਾੜਿਆ!



ਡਾ. ਗੁਰਮਿੰਦਰ ਸਿੱਧੂ

# ਰੰਗਲਾ ਇਹ ਪੰਜਾਬ

***ਪਰਮਿੰਦਰ ਸੋਨੀ***

ਗੁਰੂਆਂ ਦੀਆਂ ਜਿੱਥੇ ਵੱਸਣ ਅਸੀਸਾਂ
ਮੈਂ ਗੱਲਾਂ ਉਸ ਪੰਜਾਬ ਦੀਆਂ ਦਸਾਂ....
ਵਿਸਾਖੀ ਚ ਕਣਕਾਂ ਪਾਵਣ ਲਸ਼ਕਾਰੇ
ਮੁਟਿਆਰਾਂ ਗੱਬਰੂ ਨੱਚਣ ਸਾਰੇ।

ਵਸਿਆ ਸੌਣ ਤੇ ਸੱਜ ਗਈਆਂ ਤੀਆਂ
ਲੈਂਦੀਆਂ ਹੁਲਾਰੇ ਪੀਂਘਾਂ ਦੀਆਂ।

ਫੱਗਣ ਲਿਆਉਂਦਾ ਹੌਲਾ ਮਹੱਲਾ
ਕੀਰਤਨ, ਲੰਗਰ, ਨਿਹੰਗਾਂ ਦਾ ਚੋਲਾ।

ਫੇਰ ਚਿਰਕਾਲੀ ਓਹ ਰੈਣ ਸਰਦ ਦੀ
ਲੋਹੜੀ ਲਿਆਉਂਦੀ ਨਿੱਘ ਅਗਨ ਦੀ
ਫੁੱਲੇ ਵਾਰ ਪਰਕਰਮਾਂ ਕਰਦੇ
ਗਿੱਧੇ ਗੀਤਾਂ ਰੌਣਕ ਨੇ ਬਣਦੇ।

ਯਾਦ ਆਉਂਦੇ ਨੇ ਚਾਲੀ ਮੁਕਤੇ
ਮਾਘੀ ਦੇ ਮੇਲੇ ਆਣ ਨੇ ਸਜਦੇ।

ਗੁਰੂਆਂ ਦੇ ਗੁਰਪੁਰਬ ਕੀ ਆਖਾਂ
ਵੱਧ ਚੱੜ੍ਹ ਹੋਣ ਕੀਰਤਨ ਅਰਦਾਸਾਂ
ਵਹਿੰਦੀ ਗੁਰਬਾਣੀ ਹਰ ਪਾਸੇ
ਦਾਤ ਲੰਗਰ ਦੀ ਵੰਡਦੀ ਹਾਸੇ।

ਹਰ ਦਿਨ ਜਿਵੇਂ ਹੈ ਜਸ਼ਨਾਂ ਜਹਿਯਾ
ਹਰ ਹਿੱਕ ਰਹਿੰਦਾ ਉਮੰਗਾਂ ਭਰਿਆ।।



ਪਰਮਿੰਦਰ ਸੋਨੀ



# ਇਕ ਖਵਾਹਿਸ਼

ਖਵਾਹਿਸ਼ ਹੈ
ਮੁਹੱਬਤ ਦੀ ਕਿਸਮਤ ਬਦਲ ਜਾਵੇ

ਖਿਆਲਾਂ ਚ ਡੁਬਾਵੇ
ਕਦੇ ਸੁਪਨਿਆਂ ਚ ਆਵੇ
ਧੜਕਨਾਂ ਦੀ ਇਕੋ ਤਲਬ
ਰਹੇ ਤੂੰ ਨਜ਼ਰਾਂ ਦੇ ਸਾਹਵੇਂ

ਫਾਸਲੇ ਦੇ ਧਾਗਿਆਂ ਚ
ਉਮੀਦਾਂ ਪਿਰੌਂਦੇ ਪਿਰੌਂਦੇ
ਵਧ ਰਹੀ ਹੈ ਪਿਆਸ
ਜੁਦਾਈ ਤੇਰੀ ਢੋਂਦੇ ਢੋਂਦੇ

ਫੈਸਲਾ ਮੁਕਦਰਾਂ ਦਾ
ਮੁਹੱਬਤ ਦੀ ਤਕਦੀਰ
ਬਿਰਹਾ ਚ ਮੈਂ ਤੜਪਾਂ
ਰਖ ਦਿਲ ਚ ਤੇਰੀ ਤਸਵੀਰ

ਸਜਨਾ ਦੇ ਦੀਦਾਰ ਨੂੰ ਭਖ਼ਦੀ
ਅਖ਼ ਮੇਰੀ ਹੁਣ ਰੋਈ ਲਗਦੀ
ਹਕੀਕਤਾਂ ਦੀ ਵਿਥਾਂ ਤੋਂ ਪਾਰ
ਖਵਾਹਿਸ਼ ਹੈ ਮਹਿਬੂਬ ਆਏ
ਇਧਰ ਮੈਂ ਮੰਗਾ ਰਬ ਤੋਂ
ਉਧਰ ਤੂੰ ਆਏ



ਰਸ਼ਮੀ ਚੌਧਰੀ

# ਕੁੜੀਆਂ ਦੀਆਂ ਰੀਝਾਂ

ਮੈਂ ਕੁਝ ਕਹਾਂ ਜੇ ਤਾਂ ਤੂੰ ਸੁਣੇਗਾ
ਜਦ ਨਾਲ ਮੇਰੇ ਹੋਵੇ ਤਾਂ ਕੁਝ ਅਜਿਹੇ ਸੁਪਨੇ ਬੁਣੇਗਾ?
ਕਿ ਇਸ ਦੁਨੀਆ ਵਿੱਚ ਦੁਨੀਆ ਬਣ ਜਾਵੇ ਤੂੰ ਮੇਰੀ
ਤੇ ਆਉਂਦੇ ਮੇਰੇ ਹਰ ਸਾਹ ਨੂੰ ਤੂੰ ਆਪਣਾ ਚੁਣੇਗਾ?

ਚਲ ਬਣਦੇ ਹਾਂ ਸੂਰਜਮੁਖੀ ਦਾ ਫੁੱਲ ਆਪਾਂ
ਖੁਸ਼ੀਆਂ ਸੋਹਣੇ ਖਿਆਲਾਂ ਵਲ ਨੂੰ ਰਹਾਂਗੇ
ਜੇ ਕਦੇ ਦੁੱਖ ਮੱਤ ਵੀ ਮਾਰਨਗੇ
ਅਸੀਂ ਤੱਕ ਕੇ ਰੀਝਾਂ ਗੂੜ੍ਹੀਆਂ ਖੇੜੇ ਸਦਾ ਹੀ ਬੁਣਾਂਗੇ

ਹਨੇਰੀਆਂ ਰਾਤਾਂ ਨੂੰ ਜੋ ਕਰੇ ਚਾਨਣ
ਉਹਨਾਂ ਸੁਪਨਿਆਂ ਤੋਂ ਹੋਵਾਂਗੇ ਨਾ ਦੂਰ
ਕਦੇ ਮੰਨਾਂਗੇ, ਕਦੇ ਮਨਾਵਾਂਗੇ
ਸਬਰ ਨਾਲ ਇੱਕ ਦੂਜੇ ਨੂੰ ਸੁਣਾਂਗੇ ਜ਼ਰੂਰ

ਸਰਦਾਰਾ! ਬਣ ਮੇਰੀ ਜ਼ਿੰਦਗੀ ਦਾ ਉਹ ਹਿੱਸਾ ਤੂੰ
ਕਿ ਮੈਂ ਹਰ ਪਲ ਸ਼ੁਕਰਗੁਜ਼ਾਰ ਰਹਾਂ
ਦੇਖਣਾ ਭੁੱਲ ਜਾਣ ਇਹ ਅੱਖਾਂ ਵਸਦੀ ਦੁਨੀਆ ਨੂੰ
ਤੂੰ ਇੱਕ ਝਾਤੀ ਸੰਤੋਖ ਨਾਲ ਮੇਰੇ ਅੰਦਰ ਵੀ ਮਾਰ ਖਾਂ



ਮਨਜੋਤ



# ਰੱਖੜੀ ਤੇ ਸੱਸਾਂ

" ਨੀਂ ਦੀਪੋ ! ਤੂੰ ਨ੍ਹੇਰੇ 'ਚ ਬੈਠੀ ਕੀ ਕਰਦੀ ਐਂ?"

" ਕੁਸ਼ ਨੀ ਮਾਸੀ !.. ਚਿੱਤ ਭਾਰਾ ਜਿਹਾ ਸੀ।"

ਚੁੰਨੀ ਦੇ ਲੜ ਨਾਲ਼ ਅੱਖਾਂ ਪੂੰਝਦੀ ਕਿਰਨਦੀਪ ਉੱਠ ਬੈਠੀ।

" ਲੈ ਸੁੱਖ ਨਾਲ਼ ਅੱਜ ਰੱਖੜੀ ਸੀ, ਤੂੰ ਕਿਉਂ ਚਿੱਤ ਹੌਲ਼ਾ ਕੀਤੈ ? ਭਰਾ ਦੇ ਰੱਖੜੀ ਬੰਨ੍ਹਣ ਮਰਿੰਡੇ ਤਾਂ ਗਈ ਹੋਣੀ?"

" ਕਿੱਥੇ ਮਾਸੀ ! ਏਹੋ ਤਾਂ ਰੋਣਾ ਐ...ਸਵੇਰੇ ਸੁਵੱਖਤੇ ਉੱਠ ਕੇ ਤਿਆਰੀ ਕੀਤੀ ਸੀ...ਬੀਬੀ ਕਹਿੰਦੀ ਸਵੀ ਤੇ ਪ੍ਰਾਹੁਣੇ

ਨੇ ਆਉਣੈ...ਬਾਅਦ 'ਚ ਚਲੀ ਜਾਈਂ ! ਉਨ੍ਹਾਂ ਨੂੰ ਉਡੀਕਦੇ ਚਾਰ ਵੱਜ'ਗੇ ਤਾਂ ਬੀਬੀ ਕਹਿੰਦੀ ਕਿ ਸਵੀ ਤਾਂ ਆਈ ਨੀ, ਚੰਦਰੀ ਸੱਸ ਨੇ ਨੀ ਆਉਣ ਦਿੱਤਾ ਹੋਣਾ, ਤੂੰ ਇਉਂ ਕਰ ਮਰਿੰਡੇ ਜਾਣੈ ਤਾਂ ਜਾ ਆ।"

" ਫਿਰ ਤੂੰ ਜਾ ਆਉਂਦੀ ਪੁੱਤ !"

" ਉਸ ਵੇਲ਼ੇ ਜਾ ਕੇ ਮੈਥੋਂ ਕਿੱਥੇ ਮੁੜ ਹੋਣਾ ਸੀ ! ਸਵੇਰੇ ਇਨ੍ਹਾਂ ਦਾ ਦਫਤਰ ਜਾਣਾ ਔਖਾ ਹੋ ਜਾਂਦਾ, ਬੱਚਿਆਂ ਦੀ ਗੈਰਹਾਜ਼ਰੀ ਹੋ ਜਾਂਦੀ ।" ਡੁਸਕਦੀ ਕਿਰਨਦੀਪ ਬੋਲੀ।

ਏਨੇ ਵਿੱਚ ਕਿਰਨਦੀਪ ਦੀ ਸੱਸ ਪ੍ਰਗਟ ਹੋ ਗਈ, ਨੂੰਹ ਦੀਆਂ ਭਰ ਭਰ ਡੁੱਲ੍ਹਦੀਆਂ ਅੱਖਾਂ ਦੇਖ ਕੇ ਬੋਲੀ, " ਮੈਂ ਤਾਂ ਸਵੀ ਨੂੰ ਕਹਿਣਾ ਬਈ ਅੱਗੇ ਤੋਂ ਡਾਕ 'ਚ ਈ ਰੱਖੜੀ ਭੇਜ ਦਿਆ ਕਰ, ਮੁੰਡੇ ਨੇ ਅੱਧੀ ਛੁੱਟੀ ਵਰਾਨ ਕਰ 'ਤੀ ਉਡੀਕਦੇ ਨੇ, ਨਾਲ਼ੇ ਖਰਚਾ ਬਚੂ, ਨਾਲ਼ੇ ਆਹ ਸਿੜ੍ਹੀ ਸਿਆਪਾ।"

*- ਡਾ. ਬਲਦੇਵ ਸਿੰਘ ਖਹਿਰਾ*

# ਹੋਲੀ ਤੇ ਮਾਂ

ਉੱਚੇ ਰੁਤਬੇ ਵਾਲ਼ੇ ਨੂੰਹ-ਪੁੱਤ ਨੇ ਬੀਮਾਰ ਸ਼ੀਲਾ ਦਾ ਮੰਜਾ ਗੈਰਜ ਵਿਚ ਲਾ ਦਿੱਤਾ।

" ਆਪਾਂ ਨੂੰ ਏਡੇ ਏਡੇ ਅਫਸਰ ਮਿਲਣ ਆਉਂਦੇ ਐ, ਮੰਮੀ ਖਊਂ ਖਊਂ ਕਰਦੇ ਰਹਿੰਦੇ ਐ, ਬੜੀ ਇਨਸਲਟ ਫੀਲ ਹੁੰਦੀ ਐ, ਨਾਲੇ ਉਹਨਾਂ ਤਾਂ ਲੇਟੇ ਈ ਰਹਿਣੈਂ, ਏਥੇ ਕੀ ਤੇ ਉਥੇ ਕੀ...!"

ਪਤਨੀ ਦੀ ਦਲੀਲ ਪੁੱਤ ਨੂੰ ਵੀ ਸਹੀ ਲੱਗੀ ਸੀ। ਅਕਸਰ ਨੌਕਰ ਹੀ ਰੋਟੀ-ਪਾਣੀ ਦੇ ਜਾਂਦਾ, ਕਦੇ ਕਦਾਈਂ ਪੁੱਤਰ ਵੀ ਗੇੜਾ ਮਾਰ ਜਾਂਦਾ।

ਅੱਜ ਸਵੇਰੇ, " ਹੋਲੀ ਹੈ ਬਈ ਹੋਲੀ ਹੈ..." ਦੇ ਸ਼ੋਰ ਨਾਲ਼ ਢੋਲ ਦੀ ਆਵਾਜ਼ ਆਈ ਤਾਂ ਮਾਂ ਦੀਆਂ ਅੱਖਾਂ ਚਮਕੀਆਂ।

" ਅੱਜ ਤਾਂ ਜ਼ਰੂਰ ਆਊਗਾ ਮੇਰਾ ਲਾਲ, ਖਵਰੇ ਪੋਤੇ ਵੀ ਆ ਜਾਣ ਤੇ ਇਹ ਵੀ ਕੀ ਪਤਾ ਕਿ ਨੂੰਹ ਵੀ ਆ ਜਾਵੇ !" ਮਾਂ ਉਹਨਾਂ ਨੂੰ ਦੇਣ ਵਾਲ਼ੀਆਂ ਅਸੀਸਾਂ ਚੇਤੇ ਕਰਨ ਲੱਗੀ।

ਢੋਲ ਦੀ ਆਵਾਜ਼ ਉੱਚੀ ਹੁੰਦੀ ਗਈ, ਵਿਹੜੇ ਵਿਚੋਂ ਆ ਰਹੀਆਂ ਨੱਚਣ ਗਾਉਣ ਦੀਆਂ ਆਵਾਜ਼ਾਂ ਤੇ ਹਾਸਿਆਂ ਦੇ ਠਹਾਕਿਆਂ ਨੇ ਮਾਂ ਦੇ ਚਿਹਰੇ ਉਤੇ ਵੀ ਮੁਸਕਾਨ ਲਿਆ ਦਿੱਤੀ।

"ਸਾਰਿਆਂ ਦੇ ਜਾਣ ਪਿਛੋਂ ਹੀ ਆਉਣਗੇ ਮੇਰੇ ਕੋਲ, ਹੁਣ ਸਵੇਰੇ ਸਵੇਰੇ ਦੋਸਤ-ਮਿੱਤਰ ਆ'ਗੇ ਤਾਂ ਉਹ ਵਿਚਾਰੇ ਵੀ ਕੀ ਕਰਨ?" ਉਹ ਆਪਣੇ ਡੋਲਦੇ ਦਿਲ ਨੂੰ ਆਪ ਹੀ ਤਸੱਲੀ ਦੇਣ ਲੱਗੀ।


ਢੋਲ ਦੀ ਆਵਾਜ਼ ਮੱਧਮ ਹੁੰਦੀ ਗਈ, ਵਿਹੜੇ ਵਿਚ ਚੁੱਪ-ਚਾਂ ਪਸਰ ਗਈ, ਕਦੀ ਕੋਈ ਪੈੜ-ਚਾਲ ਸੁਣੀਂਦੀ ਤਾਂ ਮਾਂ ਤੁਰੰਤ ਕੰਨ ਖੜੇ ਕਰ ਲੈਂਦੀ, ਦਰਵਾਜ਼ੇ ਉਤੇ ਨਜ਼ਰਾਂ ਗੱਡ ਦਿੰਦੀ।

ਚਾਰ ਘੰਟੇ ਬੀਤ ਗਏ ...ਤੇ ਉਹ ਅਜੇ ਤੱਕ ਦਰਵਾਜ਼ੇ ਉਤੇ ਨਜ਼ਰਾਂ ਗੱਡੀ ਪਈ ਹੈ, ਅੱਜ ਹੋਲੀ ਜੋ ਹੈ।



**ਡਾ. ਬਲਦੇਵ ਸਿੰਘ ਖਹਿਰਾ**






ਕਿਤਾਬ – **ਯਾਦਾਂ ਗੰਜੀ ਬਾਰ ਦੀਆਂ**

ਕਿਰਤ – **ਡਾ. ਹਰਕੀਰਤ ਸਿੰਘ**

ਪਰ੍ਕਾਸ਼ਕ – **ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ।**

ਜਿਸ ਬੰਦੇ ਦੀ ਪੰਜਾਬੀ ਵਿਆਕਰਨ ਵਿੱਚ ਮਾੜੀ ਮੋਟੀ ਭੀ ਦਿਲਚਸਪੀ ਹੈ, ਉਹ ਡਾ. ਹਰਕੀਰਤ ਸਿੰਘ ਹੁਰਾਂ ਦੇ ਨਾਂ ਤੋਂ ਜਾਣੂੰ ਹੈ। ਉਨ੍ਹਾਂ ਪੰਜਾਬੀ ਵਿਆਕਰਨ ਦੇ ਖੇਤਰ ਵਿੱਚ ਬਹੁਤ ਵੱਡਾ ਕੰਮ ਕੀਤਾ ਹੈ, ਭਾਖਾ ਤੇ ਵਿਆਕਰਨ ਬਾਬਤ ਉਨ੍ਹਾਂ ਨੇ 'ਕਾਲਜ ਪੰਜਾਬੀ ਵਿਆਕਰਨ' ਅਤੇ 'ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼' ਤੋਂ ਇਲਾਵਾ ਹੋਰ ਭੀ ਕਈ ਕਿਤਾਬਾਂ ਤੇ ਮਜ਼ਮੂਨ ਲਿਖੇ ਜਾਂ ਸੰਪਾਦਕ ਕੀਤੇ ਹਨ। ਪਰ ਅੱਜ ਗੱਲ ਉਨ੍ਹਾਂ ਦੀ ਗਲਪੀ ਕਿਤਾਬ ਤੇ ਮੇਰੀਆਂ all time favourite ਕਿਤਾਬਾਂ ਚੋਂ ਇੱਕ 'ਯਾਦਾਂ ਗੰਜੀ ਬਾਰ ਦੀਆਂ' ਬਾਬਤ ਕਰਨੀ ਹੈ। ਮੇਰੇ ਸਮੇਤ ਮੇਰੇ ਜਿੰਨੇ ਭੀ ਨਜ਼ਦੀਕੀਆਂ ਨੇ ਇਹ ਕਿਤਾਬ ਪੜ੍ਹੀ ਹੈ, ਸਾਰਿਆਂ ਦੇ ਦਿਲ ਵਿੱਚ ਇਹ ਗੱਲ ਪੱਕਾ ਆਈ ਹੋਊਗੀ ਕਿ ਜੇ ਡਾਕਟਰ ਸਾਹਬ ਜਿਊਂਦੇ ਹੁੰਦੇ, ਇਕ ਵਾਰ ਤਾਂ ਜਾ ਕੇ ਲਾਜ਼ਮੀ ਗੋਡੀਂ ਹੱਥ ਲਾਉਂਦੇ। 'ਬਾਰ' ਸਾਡੇ ਚੋਂ ਬਹੁਤ ਸਾਰੇ ਜਾਣਦੇ ਹੀ ਹੋਣਗੇ ਕਿ ਬਾਰ ਭੀ ਖ਼ਾਸ ਇਲਾਕੇ ਲਈ ਓਦਾਂ ਹੀ ਵਰਤਿਆ ਜਾਣਾ ਵਾਲਾ ਲਫ਼ਜ਼ ਹੈ ਜਿਵੇਂ ਮਾਲਵਾ, ਮਾਝਾ ਜਾਂ ਦੁਆਬਾ, ਇਹ ਇਲਾਕਾ ਹੁਣ ਪਾਕਿਸਤਾਨ ਵਿਚ ਹੈ। ਗੋਰਿਆਂ ਦੇ ਸਮਿਆਂ ਵਿੱਚ ਬਾਰ ਦੇ ਇਲਾਕੇ ਵਿੱਚ ਨਹਿਰੀ ਕਾਲੋਨੀਆਂ ਵਸਾਈਆਂ ਗਈਆਂ ਜਿਨ੍ਹਾਂ 'ਚੋਂ ਇਕ ਪਾਕਪਟਨ ਤੇ ਸਾਹੀਵਾਲ ਜ਼ਿਲ੍ਹਿਆਂ ਵਿੱਚ ਵਸਾਈ ਗਈ ਜੀਹਦਾ ਨਾਂ ਸਰਕਾਰੀ ਕਾਗ਼ਜ਼ਾਤ ਵਿਚ 'ਲੋਅਰ ਬਾਰੀ ਦੋਆਬ ਕੈਨਾਲ ਕਾਲੋਨੀ ਸੀ ਪਰ ਉਹ ਮਸ਼ਹੂਰ ਗੰਜੀ ਬਾਰ ਦੇ ਨਾਂ ਤੋਂ ਹੋਈ। ਇਹਦਾ ਇਹ ਨਾਂ ਕਿਵੇਂ ਪਿਆ ? ਇਸ ਬਾਬਤ ਭੀ ਡਾਕਟਰ ਸਾਹਬ ਨੇ ਆਪਣੀ ਕਿਤਾਬ ਵਿੱਚ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਹੈ। ਇਸ ਕਿਤਾਬ ਦਾ ਜੋ ਹਾਸਿਲ ਹੈ, ਉਹ ਹੈ ਕਿਤਾਬ ਦੀ ਸ਼ੁਰੂਆਤ ਤੇ ਵੰਡ ਵੇਲੇ ਪਿੰਡ ਛੱਡਣ ਦਾ ਬਿਰਤਾਂਤ, ਵੰਡ 'ਤੇ ਗਲਪੀ ਤੇ ਗ਼ੈਰ-ਗਲਪੀ ਬਥੇਰੀਆਂ ਕਿਤਾਬਾਂ ਪੜ੍ਹੀਆਂ, ਪਰ ਡਾਕਟਰ ਸਾਹਬ ਵੱਲੋਂ ਸਿਰਜੇ ਉਸ ਦ੍ਰਿਸ਼ ਦਾ ਪੰਜਾਬੀ ਵਿਚ ਤਾਂ ਕਿਤੇ ਕੋਈ ਮੁਕਾਬਲਾ ਨਹੀਂ ਲੱਭਿਆ। ਦੂਜੀ ਸਭ ਤੋਂ ਖ਼ੂਬਸੂਰਤ ਜੋ ਸ਼ੈਅ ਹੈ, ਉਹ ਹੈ ਉਨ੍ਹਾਂ ਦੀ ਸ਼ੈਲੀ ਤੇ ਬੋਲੀ। ਕਿਤਾਬਾਂ ਦੀ ਸ਼ੁਰੂਆਤ ਕਰਨ ਵਾਲਿਆਂ ਲਈ ਇਹ ਇਕ ਬੇਹਤਰੀਨ ਕਿਤਾਬ ਹੋ ਸਕਦੀ ਹੈ।

***- ਗੁਰਪੰਥ ਗਿੱਲ***


ਮੈਂ ਬਹੁਤੀਆਂ ਕਿਤਾਬਾਂ ਪੜ੍ਹਦਾ ਤਾਂ ਨਹੀਂ ਪਰ ਸੋਹਣਾ ਸਿਰਲੇਖ ਦੇਖ ਕੇ ਖਰੀਦ ਲੈਂਦਾ ਹਾਂ। ਜਵਾਕ ਜੋ ਹਾਂ, ਜਵਾਕਾਂ ਵਾਲੀ ਗੱਲ। ਕੁਮਾਰ ਸਾਬ੍ਹ ਮੇਰੀ ਫਰੈਂਡ ਲਿਸਟ 'ਚ ਤਾਂ ਸ਼ਾਇਦ ਕਾਫ਼ੀ ਚਿਰ ਤੋਂ ਨੇ ਪਰ ਕਦੇ ਗੱਲਬਾਤ ਨਹੀਂ ਹੋਈ ਸੀ, ਫੇਰ ਪਤਾ ਨਹੀਂ ਸਾਡੇ ਇਕ ਸਾਂਝੇ ਦੋਸਤ ਨੇ ਇਨਹ੍ਹਾਂ ਨੂੰ ਮੇਰੇ ਬਾਰੇ ਕੀ ਦੱਸਿਆ ਤੇ ਸਾਡੀ ਵਾਕਫੀਅਤ ਹੋ ਗਈ।

ਮੈਨੂੰ ਨਹੀਂ ਪਤਾ ਸੀ ਕਿ ਇਹ ਲੇਖਕ ਭੀ ਨੇ ਸਿਰਫ਼ ਐਨਾ ਪਤਾ ਸੀ ਪਿਰ੍ਰੰਸੀਪਲ ਨੇ ਫਰੀਦਕੋਟ ਕਿਸੇ ਸਕੂਲ ਦੇ, ਇਨਹ੍ਹਾਂ ਨੇ ਆਪਣੀ ਕਿਤਾਬ ਦਾ cover page ਦੀ ਤਸਵੀਰ ਭੇਜ ਕੇ ਦੱਸਿਆ ਕਿ ਦਸ ਤਾਰੀਖ਼ ਨੂੰ ਆਵੇਗੀ।
ਮੈਂ ਸਿਰਲੇਖ ਪੜ੍ਹ ਕੇ ਕਿਹਾ 'ਸਿਰਲੇਖ ਘੈਂਟ ਆ'
'ਸਿਰਲੇਖ ਦੇ ਚੱਕਰ 'ਚ ਹੀ ਤਾਂ ਅੱਕ ਚੱਬਿਆ ਯਰ' ਜਵਾਬ ਆਇਆ।

ਅਕਸਰ ਇੰਝ ਹੁੰਦਾ ਸਿਰਫ਼ ਸਿਰਲੇਖ ਈ ਪੱਲੇ ਰਹਿ ਜਾਂਦਾ ਕਿਤਾਬ 'ਚੋਂ ਕੱਖ ਨਹੀਂ ਮਿਲਦਾ ਪਰ ਏਹ ਪੰਜਾਬੀ ਜੁਬਾਨ 'ਤੇ ਪਾਠਕਾਂ ਦੀ ਖੁਸ਼ਕਿਸਮਤੀ ਹੈ ਕਿ ਇਹ ਕਿਤਾਬ ਆਪਣੇ ਸਿਰਲੇਖ ਦਾ ਪੂਰਾ ਪੂਰਾ ਮੁੱਲ 'ਤਾਰਦੀ ਹੈ, ਸਾਰੇ ਦੀਆਂ ਸਾਰੀਆਂ ਈ ਕਵਿਤਾਵਾਂ ਓਨੀਆਂ ਈ ਸੋਹਣੀਆਂ ਨੇ ਜਿੰਨਾ ਸਿਰਲੇਖ।

ਪਹਿਲੀ ਕਵਿਤਾ ਸ਼ੁਰੂ ਹੋਣ ਤੋਂ ਪਹਿਲਾਂ ਈ ਖੱਬੇ ਪੰਨੇ ਦੇ ਹੇਠਲੇ ਹਿੱਸੇ 'ਤੇ ਲਿਖਿਆ ਹੋਇਆ ਹੈ –

***ਨਿਯਤ ਸਮੇਂ 'ਤੇ ਈ ਖੁੱਲ੍ਹਦੇ ਨੇ***
***ਤੈਅ ਵਕਤ 'ਤੇ ਬੰਦ ਹੋ ਜਾਂਦੇ ਨੇ***
***ਮਹਿਬੂਬ ਦੇ ਦਰਵਾਜ਼ੇ ਵੀ ਅੱਜ ਕੱਲ੍ਹ***
***ਕਿਵਾੜ ਹੋ ਗਏ ਨੇ......***




ਕਿਤਾਬ- **ਲਿਪਸਟਿਕ ਹੇਠਲਾ ਜ਼ਖਮ**

ਕਿਰ੍ਤ- **ਕੁਮਾਰ ਜਗਦੇਵ ਸਿੰਘ**

ਪਰ੍ਕਾਸ਼ਕ - **ਕੈਲੀਬਰ ਪਬਲੀਕੇਸ਼ਨ**

ਪਹਿਲੀ ਕਵਿਤਾ 'ਰਹਿ ਗਿਆਂ ਦਾ ਵਿਰਲਾਪ' ਖ਼ਤਮ ਹੋਣ ਤਕ ਤੁਹਾਡੀਆਂ ਅੱਖਾਂ 'ਚ ਨਮੀ ਹੁੰਦੀ ਕਿ ਅਗਲੀ 'ਸਿਕੰਦਰ' ਪੜ੍ਹਦਿਆਂ ਪਾਣੀ ਕਦ ਬਾਹਰ ਛਲਕ ਜਾਂਦਾ ਪਤਾ ਈ ਨਹੀਂ ਲੱਗਦਾ।

'ਧੀਆਂ' ਪੜ੍ਹ ਕੇ ਹਟੋ ਤਾਂ ਦਿਲ ਦੀ ਆਖਰੀ ਤਹਿ ਤੋਂ 'ਵਾਹ' ਵਰਗੀ ਕੋਈ ਆਵਾਜ਼ ਆਉਂਦੀ ਹੈ ਤੇ ਨਿੱਕੜੀ ਜਿਹੀ ਮੁਸਕਰਾਹਟ ਤੁਹਾਡੇ ਬੁੱਲ੍ਹਾਂ 'ਤੇ ਕਿੰਨਾ ਈ ਚਿਰ ਟਿਕੀ ਰਹਿੰਦੀ ਹੈ। 'ਵਿਰੋਚ' ਤੋਂ 'ਸਾਹਿਬਜ਼ਾਦਾ'- ਦਸਮੇਸ਼ ਪਿਤਾ ਨੂੰ ਮੁਖ਼ਾਤਿਬ ਹੋ ਕੇ ਲਿਖੀ ਗਈ ਪੁੱਤਰ-ਮੋਹ 'ਚ ਭਿੱਜੀ ਇਹ ਕਵਿਤਾ ਮੈਨੂੰ ਦਿਲ ਲੱਗਦੀ ਇਸ ਕਿਤਾਬ ਦਾ। 'ਤੁਹਾਡਾ ਕੀ ਖ਼ਿਆਲ ਐ ?', 'ਭਗਤ ਸਿੰਘ' ਤੋਂ ਬਾਅਦ 'ਲਿਪਸਟਿਕ ਹੇਠਲਾ ਜ਼ਖ਼ਮ' ਵੇਖਣਾ ਹਾਰੀ ਸਾਰੀ ਦੇ ਵੱਸ ਰੋਗ ਨਹੀਂ, ਇਹ ਕੋਈ 'ਕੁਮਾਰ' ਹੀ ਕਰ ਸਕਦਾ ਹੈ –

***ਜੀ ਹਾਂ!***
***ਰਾਤਾਂ ਵਰਗੀ ਹੀ ਕੋਈ ਰਾਤ ਸੀ***
***ਇੱਕ ਲਈ ਰਾਤ ਸੀ ਤੇ ਇਕ ਲਈ ਸੁਹਾਗ-ਰਾਤ ਸੀ***
***ਤੇ ਮੇਰੇ ਜ਼ਿਹਨ ਦੇ ਆਰ ਪਾਰ ਲੰਘਦੀ***
***ਵਿਆਹ ਸਮਾਗਮ ਸਮੇਂ ਵੱਜੇ***
***ਠਹਾਕਿਆਂ ਦੀ ਬਕਵਾਸ ਸੀ।***

'ਤੇਰੇ ਆਉਣ ਤੋਂ ਪਹਿਲਾਂ' ਤੋਂ ਬਾਅਦ ਇਕ ਲੰਮੀ ਕਵਿਤਾ ਤੁਹਾਡੇ ਸਾਹਮਣੇ ਹੁੰਦੀ ਹੈ 'ਵਿਨ ਯੂ ਡੂ , ਡੂ , ਡੌਂਟ ਥਿੰਕ' ਇਹ ਕਵਿਤਾ ਸਾਡੇ ਸਾਹਿਤ, ਸਾਹਿਤ-ਗੋਸ਼ਟੀਆਂ, ਆਲੋਚਕਾਂ, ਕਵੀਆਂ ਦੀ ਮਨੋਦਸ਼ਾ ਦੀ ਬਾਤ ਪਾਉਂਦੀ, ਆਹ ਪੜਹੋ –

*ਅੱਜਕੱਲਹ ਮੈਂ ਮਾਪਿਆਂ ਦਾ ਸਰਵਣ-ਪੁੱਤਰ ਹਾਂ*
*ਬਹੁਤ ਸਮਾਂ ਗੁਆ ਲਿਆ ਹੈ*
*ਖ਼ਾਨਦਾਨੀ-ਪਰੰਪਰਾਵਾਂ ਦਾ ਵਿਰੋਧ ਕਰਦਿਆਂ ਕਰਦਿਆਂ*
*ਅਖੇ ਯੇ ਨਹੀ ਕਰੇਂਗੇ ਵੋਹ ਨਹੀ ਕਰੇਂਗੇ*
*ਜਬ ਕਛੁ ਕਰੇਂਗੇ ਤੋ ਬਸ ਕਮਾਲ ਕਰੇਂਗੇ*
*ਤੇ ਦੇਖ ਲੋ ਦੋਸਤੋ !*
*ਇਹ ਸਾਲਾ ਕਮਾਲ ਕਰਦਿਆਂ ਕਰਦਿਆਂ*
*ਮੈਂ ਕੁਝ ਵੀ ਨਹੀ ਕਰ ਸਕਿਆ....*

ਅਗਲੀ 'ਜਦੋਂ ਸ਼ੀਸ਼ਾ ਨਹੀ ਬੋਲਦਾ' ਇਹ ਉਨਹਾਂ ਸੰਘਰਸ਼ਾਂ ਦੇ ਰਾਹੀਆਂ ਦੀ ਗੱਲ ਹੈ, ਜੋ ਬੰਦੂਕ ਦੀ ਨੋਕ ਨਾਲ ਰੋਟੀ ਨਹੀ, ਸ਼ਾਂਤੀ ਨਹੀ, ਮੁਹੱਬਤ ਲਿਖਣਾ ਚਾਹੁੰਦੇ ਨੇ। 'ਸਿਤਾਰ ਦੇ ਸੁਰ-1 ਤੇ 2' ਪਹਿਲੀ ਅੱਲੜ ਉਮਰ ਦੇ ਇਸ਼ਕ ਦੀ ਤੇ ਦੂਜੀ ਉਸੇ ਇਸ਼ਕ ਦੇ ਪੱਕ ਜਾਣਦੀ, 'ਸਿਤਾਰ ਸੋਚਦੀ ਹੈ' ਅਧੂਰੀ ਰਹਿ ਗਈ ਮੁਹੱਬਤ ਦੀ ਕਹਾਣੀ, ਵੈਸੇ ਮੁਹੱਬਤ ਅਧੂਰੀਓਂ ਨਹੀ ਹੁੰਦੀ, ਕਨਹੀ ?
ਮਹਿਬੂਬ ਦੀ ਤਾਰੀਫ਼ ਵਿੱਚ ਲਿਖੀ "ਹੁਣ ਕੋਈ ਕੀ ਲਿਖੇ" ਸਾਡੀ ਉਮਰ ਵਿੱਚ ਸਭ ਤੋਂ ਵੱਧ ਪਸੰਦ ਈ ਇਹੋ ਜਿਹੀਆਂ ਆਉਂਦੀਆਂ ਹੁੰਦੀਆਂ, ਮੈਨੂੰ ਭੀ ਇਹੀ ਆਈ –

*ਤੂੰ ਮੁਸਕਾਉਂਦੀ ਏਂ ਤਾਂ ਫੁੱਲ ਖਿੜਦੇ ਨੇ*
*ਤੂੰ ਹੱਸਦੀ ਏਂ ਤਾਂ ਸਾਹ ਵਗਦੇ ਨੇ*
*ਹਲ਼ ਚਲਦੇ ਨੇ*
*ਤੂੰ ਉਦਾਸ ਨਾ ਹੋਇਆ ਕਰ*
*ਨਾਰਾਜ਼ ਨਾ ਹੋਇਆ ਕਰ*
*ਤੂੰ ਰੁੱਸਦੀ ਏਂ ਤਾਂ ਹਾਲ਼ੀ ਰੁੱਸਦੇ ਨੇ*
*ਹੁਣ ਹਾਲ਼ੀਆਂ 'ਤੇ ਕਿਹੜਾ ਸਾਲਾ ਨਜ਼ਮ ਲਿਖੇ....*

'ਸਮੁੰਦਰ ਹੋਣ ਦਾ ਸੰਤਾਪ' ਹੰਢਾਉਂਦਾ ਹੋਇਆ ਕਵੀ 'ਵਿਰਲਾਪ' ਵਿੱਚ ਸਵਾਲ ਕਰਦਾ ਹੈ।
ਏਸ ਵਾਰ ਦਾ ਮਿਰਜ਼ਾ' ਘਰ ਦੀਆਂ ਜ਼ਿੰਮੇਵਾਰੀਆਂ ਵਿੱਚ ਘਿਰਿਆ ਹੋਇਆ ਆਪਣੀ ਸਾਹਿਬਾਂ ਨੂੰ ਆਖਦਾ ਹੈ –

*ਮੈਂ ਆਵਾਂਗਾ*
*ਤੈਨੂੰ ਇਹ ਦੱਸਣ ਲਈ*
*ਕਿ ਖਾਰੇ ਖੂਹਾਂ ਦੇ ਪਾਣੀ ਮਿੱਠੇ ਵੀ ਹੋ ਸਕਦੇ ਨੇ*
*ਸੋ ਤੂੰ ਉਦਾਸ ਨਾ ਹੋਵੀਂ*
*ਮੈਂ ਆਵਾਂਗਾ*
*ਕਿ ਏਸ ਵਾਰੀ ਦਾ ਮਿਰਜ਼ਾ*
*ਘੇਰਿਆ ਜ਼ਰੂਰ ਗਿਆ ਹੈ*
*ਪਰ ਹਾਲੇ ਕਤਲ ਨਹੀ ਹੋਇਆ......*

'ਬਿੰਦੂ ਨਜ਼ਮਾਂ' ਨਾਲ ਕਿਤਾਬ ਖਤਮ ਹੋ ਜਾਂਦੀ ਹੈ ਤੇ ਤੁਸੀ ਸੋਚ ਰਹੇ ਹੁੰਦੇ ਹੋ ਕਿ ਦੋ ਚਾਰ ਕਵਿਤਾਵਾਂ ਹੋਰ ਹੁੰਦੀਆਂ.....

ਧੁਰ-ਅੰਦਰ ਤੋਂ ਲਿਖੀ ਕਵਿਤਾ ਰੂਹ ਵਿੱਚ ਉਤਰ ਜਾਂਦੀ ਹੈ, ਇਹ ਕਿਤਾਬ ਭੀ ਰੂਹ ਵਿੱਚ ਉਤਰ ਜਾਣਾ ਵਾਲੀ ਹੈ।
ਜੇ ਤੁਹਾਨੂੰ ਨਿਰੋਲ ਕਵਿਤਾ ਪੜਹ੍ਨ ਦਾ ਸ਼ੌਂਕ ਹੈ ਤਾਂ ਇਹ ਕਿਤਾਬ ਤੁਹਾਨੂੰ ਨਾਰਾਜ਼ ਨਹੀਂ ਕਰੇਗੀ।

ਸ਼ੁਕਰੀਆ ਕੁਮਾਰ ਸਾਬਹ੍ ਸੋਹਣੀ ਕਿਤਾਬ ਪੜਹ੍ਵਾਉਣ ਲਈ।

#ਮੇਰੀ_ਡਾਇਰੀ





### ਤਿਮਾਹੀ ਪੰਜਾਬੀ ਮੈਗਜ਼ੀਨ

# ਲਫ਼ਜ਼ਨਾਮਾ

ਅਕਤੂਬਰ, 2023 ਵਿੱਚ ਪ੍ਰਕਾਸ਼ਿਤ ਹੋਣ ਵਾਲੇ ਸਾਡੇ ਸਾਹਿਤਕ ਰਸਾਲੇ ਦੇ ਪਲੇਠੇ ਅੰਕ ਲਈ ਰਚਨਾਵਾਂ ਦੀ ਮੰਗ

## ਵਿਸ਼ਾ ਵਸਤੂ: **ਪੰਜਾਬ ਵਿੱਚ ਸੂਫੀ ਮੱਤ**

ਆਪਣੀਆਂ ਅਸਲ ਰਚਨਾਵਾਂ ਨਿਮਨਲਿਖਿਤ ਰੂਪ ਵਿੱਚ ਭੇਜੀਆਂ ਜਾਣ


1. ਲਘੂ ਕਥਾ (800 ਸ਼ਬਦ)।
2. ਪੰਜਾਬ ਦੇ ਸੂਫੀ ਸੰਤਾਂ ਤੇ ਸਮਾਜ ਨੂੰ ਉਨ੍ਹਾਂ ਦੀ ਦੇਣ ਬਾਰੇ (600 ਸ਼ਬਦ)।
3. ਮਸ਼ਹੂਰ ਸੂਫੀ ਸੰਤਾਂ ਦੀਆਂ ਜੀਵਨੀਆਂ।
4. ਕਵਿਤਾਵਾਂ (ਵੱਧ ਤੋਂ ਵੱਧ 20 ਸੱਤਰਾਂ)।
5. ਬੁੱਕ ਵਰਲਡ - ਆਗਾਮੀ ਪੁਸਤਕਾਂ ਬਾਰੇ।
6. ਪੁਸਤਕ ਸਮੀਖਿਆ - ਸਾਹਿਤ ਜਗਤ ਵਿੱਚ ਚਰਚਾ ਦਾ ਵਿਸ਼ਾ ਬਣੀਆਂ ਪੁਸਤਕਾਂ ਬਾਰੇ।

ਰਚਨਾਵਾਂ ਭੇਜਣ ਦੀ ਆਖਰੀ ਮਿਤੀ : **15 October 2023**

ਹੋਰ ਵੇਰਵਿਆਂ ਲਈ ਲਾਗਆਨ ਕਰੋ **rhyvers.in/lafznama**

ਕਿਰਪਾ ਕਰਕੇ ਆਪਣੀਆਂ ਰਚਨਾਵਾਂ **lafznamadesk@gmail.com**

RHYVERS PRESS




WORLDWIDE DISTRIBUTION

Get started on publishing your dream book

91 78300 15300

rhyvers.press